ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ. ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 90418 78800

# ਸਾਂਝੀ ਸੋਚ
SANJHI SOCH HD
ਸਾਂਝੀ ਸੋਚ
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-11 ISSUE 1727 | 1 May, 2024 Wednesday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260


## ਅਮਰੀਕਾ 'ਚ ਗੈਰਕਾਨੂੰਨੀ ਢੰਗ ਨਾਲ ਦਾਖਲ ਹੁੰਦੇ 24 ਗ੍ਰਿਫ਼ਤਾਰ

ਟੈਕਸਾਸ
ਸਾਂਝੀ ਸੋਚ ਬਿਊਰੋ

ਅਮਰੀਕੀ ਬਾਰਡਰ ਪੈਟਰੋਲ ਦੇ ਏਜੰਟਾਂ ਨੇ ਕਈ ਪ੍ਰਵਾਸੀਆਂ ਨੂੰ ਹਿਰਾਸਤ ਵਿਚ ਲਿਆ ਹੈ, ਜੋ ਜੋ ਡੇਮਿੰਗ, ਨਿਊ ਮੈਕਸੀਕੋ ਵੱਲ ਨੂੰ ਜਾ ਰਹੀ ਕਾਰ ਵਿਚ ਸਵਾਰ ਹੋ ਕੇ ਅਮਰੀਕਾ 'ਚ ਦਾਖਲ ਹੋਣਾ ਚਾਹੁੰਦੇ ਸਨ। ਏਜੰਟਾਂ ਨੇ ਕਾਰ ਦਾ ਪਿੱਛਾ ਕੀਤਾ ਅਤੇ ਜਾਂਚ ਕਰਨ 'ਤੇ ਕਾਰ ਦੇ ਪਿੱਛਲੇ ਪਾਸੇ ਲੁਕੇ ਹੋਏ 24 ਪ੍ਰਵਾਸੀ ਹਿਰਾਸਤ 'ਚ ਲਏ, ਜੋ ਬਾਰਡਰ ਟੱਪ ਕੇ ਅਮਰੀਕਾ ਵਿਚ ਦਾਖਲ ਹੋਣਾ ਚਾਹੁੰਦੇ ਸਨ।



ਟੈਕਸਾਸ (ਬਾਰਡਰ) ਦੀ ਰਿਪੋਰਟ ਅਨੁਸਾਰ ਬਾਰਡਰ ਏਜੰਟਾਂ ਨੇ ਕਾਰ ਵਿਚ ਪਿੱਛੇ ਲੁਕੇ ਹੋਏ ਇਸ ਕਾਫ਼ਲੇ ਅਤੇ ਇੱਕ ਪਿਕਅੱਪ ਟਰੱਕ ਦਾ ਸਰਹੱਦ ਨੇੜੇ ਕੋਲੰਬਸ, ਨਿਊ ਮੈਕਸੀਕੋ ਕੋਲ ਇੱਕ ਖਾਲੀ ਆਰਵੀ ਪਾਰਕ ਤੱਕ ਪਿੱਛਾ ਕੀਤਾ। ਪਿੱਛਾ ਕਰਨ ਤੋਂ ਬਾਅਦ ਤਿੰਨ ਡਰਾਈਵਰਾਂ ਅਤੇ 24 ਪ੍ਰਵਾਸੀਆਂ ਨੂੰ ਕਾਬੂ ਕੀਤਾ, ਜੋ ਹਿਰਾਸਤ ਵਿਚ ਹਨ। ਜਾਣਕਾਰੀ ਅਨੁਸਾਰ ਨਿਊ ਮੈਕਸੀਕੋ ਸਟੇਟ ਦੇ ਰੋਡ 9 'ਤੇ ਬੀਤੀ 24 ਅਪ੍ਰੈਲ ਤੜਕੇ ਤੇਜ਼ ਰਫ਼ਤਾਰ ਗੁਜ਼ਰ ਰਹੇ ਤਿੰਨ ਵਾਹਨਾਂ ਨੇ ਬਾਰਡਰ ਏਜੰਟਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਜਦੋਂ ਸਫ਼ੈਦ ਫੋਰਡ ਐੱਫ 150 ਵਾਹਨ ਦਾ ਪਿੱਛਾ ਕੀਤਾ ਗਿਆ, ਤਾਂ ਇਕ ਹੋਰ ਲੀਡ ਟਰੱਕ ਅੱਗੇ ਚੱਲਦਾ ਰਿਹਾ ਪਰ ਦੋ ਫੋਰਡ ਐਕਸਪੀਡੀਸ਼ਨ ਅਤੇ ਇੱਕ ਡੌਜ ਪਿਕਅੱਪ, ਮੈਕਸੀਕੋ, ਦੀਆਂ ਲਾਇਸੈਂਸ ਪਲੇਟਾਂ ਦੇ ਨਾਲ ਮੈਕਸੀਕੋ ਦੀ ਸਰਹੱਦ ਤੋਂ ਲਗਭਗ 2 ਮੀਲ ਉੱਤਰ ਵਿਚ ਸਟੇਟ ਰੂਟ 9 ਦੇ ਨਾਲ ਜਾ ਰਹੇ ਸਨ, ਜਿਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਅਦਾਲਤੀ ਰਿਕਾਰਡ ਮੁਤਾਬਿਕ ਕਈ ਯੂ.ਐੱਸ. ਬਾਰਡਰ ਪੈਟਰੋਲ ਏਜੰਟ ਆਰਵੀ ਪਾਰਕ ਵਿਚ ਇਕੱਠੇ ਹੋਏ ਅਤੇ ਉਨ੍ਹਾਂ ਵੱਲੋਂ ਡਰਾਈਵਰਾਂ ਤੋਂ ਪੁੱਛਗਿੱਛ ਕਰਨੀ ਸ਼ੁਰੂ ਕਰ ਦਿੱਤੀ। ਨਿਊ ਮੈਕਸੀਕੋ ਦੇ ਡਿਸਟ੍ਰਿਕਟ ਲਈ ਯੂ.ਐੱਸ. ਡਿਸਟ੍ਰਿਕਟ ਕੋਰਟ ਵਿਚ ਸ਼ੁੱਕਰਵਾਰ ਨੂੰ ਦਾਇਰ ਕੀਤੀ ਸ਼ਿਕਾਇਤ ਦੇ ਅਨੁਸਾਰ, ਡਰਾਈਵਰ ਐਡੂਆਰਡੋ ਮਾਰਿਨ ਗੋਮੇਜ਼, ਆਸਕਰ ਪੇਰੇਜ਼ ਮੋਨਕਾਯੋ ਅਤੇ ਕੇਵਿਨ ਕੋਰਲ ਓਚੋਆ ਨੇ ਏਜੰਟਾਂ ਨੂੰ ਵੱਖਰੇ ਤੌਰ 'ਤੇ ਦੱਸਿਆ ਕਿ ਉਨ੍ਹਾਂ ਨੂੰ ਜੁਆਰੇਜ਼, ਮੈਕਸੀਕੋ ਦੇ ਇੱਕ ਵਿਅਕਤੀ ਦੁਆਰਾ ਇੱਕ ਗੱਡੀ ਚਲਾਉਣ ਲਈ ਕਿਰਾਏ 'ਤੇ ਲਿਆ ਗਿਆ ਸੀ ਅਤੇ ਪੈਸੇ ਦੇ ਲਈ ਹਾਈਵੇਅ 9 ਦੇ ਪਾਸੇ ਤੋਂ ਫੀਨਿਕਸ, ਐਰੀਜ਼ੋਨਾ, ਅਮਰੀਕਾ ਤੱਕ ਸੌਦਾ ਤੈਅ ਹੋਇਆ ਸੀ।

ਉਸ ਵਿਅਕਤੀ ਨੇ ਪ੍ਰਵਾਸੀਆਂ ਲਈ ਨਸ਼ੀਲੇ ਪਦਾਰਥਾਂ ਦੀ ਜਾਂਚ ਵਿਚ ਵੀ ਆਪਣੇ ਆਪ ਨੂੰ ਦੋਸ਼ੀ ਮੰਨਿਆ ਹੈ। ਜੁਆਰੇਜ਼ ਵਿਚ ਰਹਿਣ ਵਾਲੇ ਇੱਕ ਅਮਰੀਕੀ ਨਾਗਰਿਕ ਕੋਰਲ ਨੇ ਕਥਿਤ ਤੌਰ 'ਤੇ ਜਾਂਚਕਰਤਾਵਾਂ ਨੂੰ ਦੱਸਿਆ ਕਿ ਉਸਨੂੰ ਤਸਕਰੀ ਦੀ ਕੋਸ਼ਿਸ਼ ਵਿਚ ਸ਼ਾਮਲ ਵਾਹਨਾਂ ਵਿਚੋਂ ਇੱਕ ਲਈ ਕਾਰ ਦੀਆਂ ਚਾਬੀਆਂ ਅਤੇ ਗੈਸ ਦੇ ਪੈਸੇ ਦਿੱਤੇ ਗਏ ਸਨ।

## ਕੈਨੇਡਾ ਦੀ ਓਨਟਾਰੀਓ ਸਰਕਾਰ ਵੱਲੋਂ ਸਕੂਲਾਂ 'ਚ ਮੋਬਾਇਲ ਦੀ ਵਰਤੋਂ 'ਤੇ ਪਾਬੰਦੀ

ਓਨਟਾਰੀਓ
ਸਾਂਝੀ ਸੋਚ ਬਿਊਰੋ

ਕੈਨੇਡਾ ਦੀ ਓਨਟਾਰੀਓ ਸਰਕਾਰ ਵਲੋਂ ਸਕੂਲਾਂ ਵਿਚ ਵਿਦਿਆਰਥੀਆਂ 'ਤੇ ਸਕੂਲ ਸਮੇਂ ਮੋਬਾਈਲ ਫੋਨ ਵਰਤਣ 'ਤੇ ਪਾਬੰਦੀ ਲਾ ਦਿੱਤੀ ਹੈ, ਜੋ 3 ਸਤੰਬਰ ਤੋਂ ਸ਼ੁਰੂ ਹੋਣ ਵਾਲੇ ਵਿਦਿਅਕ ਵਰ੍ਹੇ ਤੋਂ ਲਾਗੂ ਹੋਵੇਗੀ। ਸੂਬਾਈ ਸਿੱਖਿਆ ਮੰਤਰੀ ਸਟੀਫਨ ਲੈਸੀ ਨੇ ਐਲਾਨ ਕਰਦਿਆਂ ਕਿਹਾ ਕਿ ਐਲੀਮੈਂਟਰੀ ਸਕੂਲਾਂ ਵਿਚ ਸਾਰਾ ਦਿਨ ਅਤੇ ਮਿਡਲ ਤੇ ਹਾਈ ਸਕੂਲਾਂ 'ਚ ਪੜ੍ਹਾਈ ਦੇ ਸਮੇਂ ਦੌਰਾਨ ਕੋਈ ਵਿਦਿਆਰਥੀ ਨਾ ਤਾਂ ਫੋਨ ਨੂੰ ਹੱਥ ਵਿਚ ਲੈ ਸਕੇਗਾ ਤੇ ਨਾ ਹੀ ਕਿਸੇ ਨਸ਼ੀਲੇ ਪਦਾਰਥ ਦੀ ਵਰਤੋਂ ਕਰ ਸਕੇਗਾ। ਉਨ੍ਹਾਂ ਦੱਸਿਆ ਕਿ ਪੜ੍ਹਾਈ ਸਮੇਂ ਬੱਚਿਆਂ ਦਾ ਧਿਆਨ ਫੋਨ ਵੱਲ ਰਹਿਣ ਦੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ ਅਤੇ ਸਕੂਲ ਟਰੱਸਟੀਆਂ ਦੇ ਸੁਝਾਵਾਂ 'ਤੇ ਗੌਰ ਕਰਕੇ ਇਹ ਫੈਸਲਾ ਲਿਆ ਗਿਆ ਹੈ। ਮੰਤਰੀ ਨੇ ਕਿਹਾ ਕਿ ਐਲੀਮੈਂਟਰੀ ਸਕੂਲਾਂ ਦੇ ਵਿਦਿਆਰਥੀ ਫੋਨ ਸਕੂਲ ਦੇ ਅੰਦਰ ਨਹੀਂ ਲਿਜਾ ਸਕਣਗੇ, ਪਰ ਮਿਡਲ ਅਤੇ ਹਾਈ ਸਕੂਲਾਂ ਵਿਚ




ਪਾਬੰਦੀ ਨੂੰ ਥੋੜ੍ਹਾ ਨਰਮ ਕਰਕੇ ਪੜ੍ਹਾਈ ਸਮੇਂ ਤੱਕ ਸੀਮਤ ਕੀਤਾ ਗਿਆ ਹੈ। ਸਰਕਾਰੀ ਫੈਸਲੇ 'ਤੇ ਤਸੱਲੀ ਪ੍ਰਗਟ ਕਰਦੇ ਹੋਏ ਸਕੂਲ ਟਰੱਸਟੀ ਸਤਪਾਲ ਸਿੰਘ ਜੌਹਲ ਨੇ ਦੱਸਿਆ ਕਿ ਉਹ ਇਸ ਸਮੱਸਿਆ ਬਾਰੇ ਪਿਛਲੇ ਸਾਲ ਤੋਂ ਸਰਕਾਰ ਨੂੰ ਚੌਕਸ ਕਰ ਰਹੇ ਸੀ, ਜਿਸ ਨੂੰ ਮਨ ਕੇ ਸਰਕਾਰ ਨੇ ਵਿਦਿਅਕ ਪੱਧਰ ਵਿਚ ਗਿਰਾਵਟ ਨੂੰ ਰੋਕ ਲਿਆ ਹੈ। ਕੈਨੇਡਾ 'ਚ ਵਿਦਿਅਕ ਸਾਲ ਸਤੰਬਰ ਤੋਂ ਸ਼ੁਰੂ ਹੁੰਦਾ ਹੈ ਤੇ ਜੂਨ ਵਿਚ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਕੇ ਦੋ ਮਹੀਨੇ ਛੁੱਟੀਆਂ ਹੋ ਜਾਂਦੀਆਂ ਹਨ।


Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

GINNY BEDI LAW PC
Immigration
Divorce
Custody and Support issues
Business Disputes
Living Trusts
Criminal Matters
Misdemeanors
DUI
Ginny Bedi Attorney
ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।
255 N Market St Ste 150 San Jose CA 95110
Tel: (408) 800-0242 Fax: (408) 800-0240, Mobile: (408) 802-2501
Email: ginny@ginnybedilaw.com Web: www.ginnybedilaw.com

Serving Punjabi Mother Tongue In America For The Last 12 Years
ਸਾਂਝੀ ਸੋਚ
DAILY SANJHI SOCH NEWSPAPER
LAUNCHING SOON IN Canada
ਖ਼ਬਰਾਂ, ਆਰਟੀਕਲ, ਕਵਿਤਾਵਾਂ, ਕਹਾਣੀਆਂ ਅਤੇ ਹੋਰ ਛਪਣਯੋਗ ਸਮੱਗਰੀ
LAUNCHING SOON
info@sanjhisoch.com ਤੇ ਭੇਜੋ
ਹੋਰ ਜਾਣਕਾਰੀ ਲਈ ਸੰਪਰਕ ਕਰੋ:
+1 (209) 303-1260 +91 81463-20009

Law Offices of Ashwani K.Bhakhri
1299 Bayshore Hwy Suite 208 Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੇ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ® CalDRE # 02115235
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Simranveer Singh
Realtor
The JRP Group
Ph: (414) 551-0530
DRE #02114137

PAL FILMS & PHOTO BOOKS
WWW.PALFILMS.COM
All Your Photo/Videography & Post Production needs Under One Roof
Music Video | Pre Shoots | Weddings | Birthdays | Graduations Stage Shows Or Any Kind Of Events | Customize Photobooks (upto 6 feet) Video Editing VFX/DI/CC & Much More....
Full Photo & Videography studio with Green Screen Blue Screen
PH: (925) 489 3400, (341) 356 1517
4007 Railroad Ave Pittsburgh, CA 94565 | Email: palfilms@yahoo.com, palfilms925@gmail.com

# JRP REALTY GROUP

A TRADITION OF REAL ESTATE EXCELLENCE

## SERVING CALIFORNIA FOR COMMERCIAL REAL ESTATE NEEDS





Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS

**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**

EQUAL HOUSING OPPORTUNITY



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

## 3230 MITCHELL ROAD, STE, C, CERES, CA 95307



ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੋਸਰੀ ਦੀ।





ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**





Ria MONEY TRANSFER

INDIA ਪੈਸੇ ਭੇਜਣ ਲਈ

RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ



**Contact Number**

# +1 (209) 537-5702

ਸਾਂਝੀ ਸੋਚ SANJHI SOCH
SANJHI SOCH HD ਸਾਂਝੀ ਸੋਚ

www.sanjhisoch.com

PATTRON: HARJIT BASI

MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH

DAILY NEWSPAPER

2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਪਹਿਲੀ ਮਈ ! ਇਨਕਲਾਬੀ ਸੰਕਲਪ ਦੇ, ਇਤਿਹਾਸਕ ਵਿਰਸੇ ਨੂੰ ਯਾਦ ਰੱਖੀਏ !



ਜਗਦੀਸ਼ ਸਿੰਘ ਚੋਹਕਾ
ਕੈਲਗਰੀ (ਕੈਨੇਡਾ)
91-92179-97445
001-403-285-4208
jagdishchohka@gmail.com

ਪਹਿਲੀ ਮਈ ਮਜ਼ਦੂਰ-ਦਿਵਸ ਦਾ ਦਵੰਦਾਤਮਕਵਾਦੀ ਇਤਿਹਾਸ ਦੁਨੀਆਂ ਦੇ ਕਿਰਤੀ-ਇਤਿਹਾਸ ਦੀਆਂ ਤਿੰਨ ਇਤਿਹਾਸਕ ਵਰ੍ਹੇ-ਗੰਢਾਂ ਦੇ ਰਿਲੇਵੇਂ ਨਾਲ ਜੁੜਿਆ ਹੋਇਆ ਹੈ! ਪਹਿਲੀ ਇਤਿਹਾਸਕ ਘਟਨਾ ਦਾ ਸੰਬੰਧ ਮਈ-1886 ਨਾਲ ਹੈ ਜਦੋਂ ਅਮਰੀਕਾ ਦੇ ਕਿਰਤੀਆਂ ਨੇ 8-ਘੰਟੇ ਦੇ ਕੰਮ-ਦਿਨ ਲਈ ਸੰਘਰਸ਼ ਵਿਢਿਆ ਸੀ। ਇਸ ਮੁਹਿੰਮ ਦਾ ਇਹ ਸਿਖਰ ਸੀ ਜਦੋਂ ਉਸ ਵੇਲੇ ਦੇ ਪੂੰਜੀਪਤੀ-ਮਾਲਕਾਂ ਅਤੇ ਰਾਜਸਤਾ 'ਤੇ ਕਾਬਜ਼ ਪੂੰਜੀਪਤੀਆਂ ਦੀ ਮਿਲੀ-ਭੁਗਤ ਵਲੋਂ ਹੱਕ ਲਈ ਸੰਘਰਸ਼ ਕਰਦੇ ਕਿਰਤੀਆਂ ਨੂੰ ਦਬਾਉਣ ਲਈ ਸ਼ਿਕਾਗੋ ਸ਼ਹਿਰ ਵਿਖੇ ਹਾਕਮਾਂ ਅਤੇ ਉਸ ਦੀ ਜ਼ਾਬਰ ਪੁਲਿਸ ਨੇ ਗੋਲੀਆ ਚਲਾ ਕੇ ਕਿਰਤੀਆਂ ਨੂੰ ਸ਼ਹੀਦ ਕਰ ਦਿਤਾ ਸੀ। ਸਾਲ 1889 ਨੂੰ ਦੂਸਰੀ ਕੌਮਾਂਤਰੀ ਕਾਂਗਰਸ ਜਿਸ ਨੇ ਪਹਿਲੀ ਮਈ ਨੂੰ ਕੌਮਾਂਤਰੀ ਪੱਧਰ 'ਤੇ ਕਿਰਤੀਆਂ ਨਾਲ ਇਕਮੁਠਤਾ ਵਜੋਂ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਸੀ। ਤੀਸਰੀ ਵਰ੍ਹੇ-ਗੰਢ ਸੰਬੰਧੀ 1890 ਨੂੰ ਉਪਰੋਕਤ ਫੈਸਲੇ ਅਨੁਸਾਰ ਕਈ ਦੇਸ਼ਾਂ ਨੇ ਪਹਿਲੀ ਮਈ ਨੂੰ ਮਜ਼ਦੂਰ -ਦਿਵਸ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਦੁਨੀਆਂ ਅੰਦਰ ਪਹਿਲੀ ਮਈ ਨੂੰ ਲੜਾਕੂ ਕਿਰਤੀ-ਰਵਾਇਤਾਂ ਨੂੰ, 'ਸਦਾ ਹੀ ਕਿਰਤੀਆਂ ਦੇ ਸਮਾਜਕ-ਆਰਥਕ ਅਤੇ ਰਾਜਸੀ ਹਿਤਾਂ ਲਈ ਉਪਜੇ ਸੰਘਰਸ਼ਾਂ ਦੀ ਪੂਰਤੀ ਵਜੋਂ ਅੱਗੇ ਵਧਾਉਣ ਲਈ ਅੱਜ ਵੀ ਇਨ੍ਹਾਂ ਨੂੰ ਯਕੀਨੀ ਤੇ ਸਦੀਵੀ ਤੌਰ 'ਤੇ ਹੱਕਾਂ ਲਈ ਯਾਦ ਕੀਤਾ ਜਾਂਦਾ ਹੈ।

ਮਨੁੱਖੀ ਸੰਸਾਰ ਅੰਦਰ ਅਨਿਆਏ, ਸੀਨਾ-ਜੋਰੀ ਅਤੇ ਜ਼ਬਰ ਵਿਰੁੱਧ ਸੰਘਰਸ਼ ਲਗਾਤਾਰ ਪਨਪਦਾ ਅਤੇ ਉਪਜਦਾ ਰਹਿੰਦਾ ਹੈ। ਆਦਿ ਤੋਂ ਹੀ ਉਜ਼ਰਤੀ-ਗੁਲਾਮੀ ਅਤੇ ਕਿਰਤੀ ਸ਼ੋਸ਼ਣ ਮਾਲਕ ਅਤੇ ਕਿਰਤੀ-ਵਰਗ ਵਿਚਕਾਰ ਮੁੱਢ-ਕਦੀਮ ਤੋਂ ਇਕ ਸਦੀਵੀਂ ਵਤੀਰਾ ਤੇ ਅੰਦੋਲਨ ਚਲਿਆ ਜਾ ਰਿਹਾ ਹੈ। ਭਾਵੇਂ ਇਹ ਅੰਦੋਲਨ ਕਈ ਵਾਰੀ ਅਚੇਤ ਹੁੰਦਾ ਹੈ ਅਤੇ ਕਈ ਵਾਰ ਸੁਚੇਤ ਰੂਪ ਰਾਹੀ ਸਾਹਮਣੇ ਵੀ ਆਉਂਦਾ ਹੈ। ਪਰ ਪਹਿਲੀ ਵਾਰ ਅਮਰੀਕਾ ਅੰਦਰ, 'ਦੱਖਣੀ ਰਾਜਾਂ ਦੇ ਵੱਡੇ ਭੂਮੀਪਤੀਆਂ ਵਲੋਂ ਸਿਆਹ-ਫ਼ਾਮ ਗੁਲਾਮਾਂ (ਕਾਲੇ ਲੋਕਾਂ) 'ਤੇ ਜ਼ਬਰ ਅਤੇ ਉਤਰੀ ਰਾਜਾਂ ਦੇ ਸਨਅਤਾਂ ਦੇ ਮਾਲਕ ਪੂੰਜੀਪਤੀਆਂ ਵੱਲੋ, 'ਆਪਣੀ ਲੁੱਟ ਲਈ ਉਜ਼ਰਤੀ-ਕਿਰਤੀਆਂ ਦੀ ਗੁਲਾਮੀ ਨੂੰ ਸਦੀਵੀ ਬਣਾਉਣ ਤੇ ਕਾਇਮ ਰੱਖਣ ਲਈ ਇਹ ਇਕ ਆਪਣੀ ਵਰਗੀ-ਸੰਘਰਸ਼ ਦੇ ਰੂਪ ਵਿੱਚ ਅਜਿਹੀ ਟੱਕਰ ਸੀ। ਕਿਰਤੀ-ਵਰਗ ਦੇ ਸ਼ੋਸ਼ਣ ਲਈ, 'ਭੂਮੀਪਤੀਆਂ ਅਤੇ ਪੂੰਜੀਪਤੀਆਂ ਵਿਚਕਾਰ ਕਿਰਤੀ ਦੀ ਲੁੱਟ ਕਰਨ ਲਈ ਅਜਿਹੀ ਖਹਿ ਬਾਜ਼ੀ ਦਾ ਉਤਪਨ ਹੋਣਾ ਵੀ ਇਕ ਹਾਂ ਪੱਖੀ ਲਾਜ਼ਮੀ ਤਬਦੀਲੀ ਸੀ, ਜਿਸ ਨੇ ਚਾਲਕ ਸ਼ਕਤੀ ਨੂੰ ਵੀ ਜਨਮ ਦਿੱਤਾ ? ਇਹ ਗੁਣਾਂਤਮਕ ਤਬਦੀਲੀ ਹੀ ਅੱਗੋ ਉਜ਼ਰਤੀ-ਕਿਰਤੀਆਂ ਦੇ ਚੰਗੇ ਜੀਵਨ ਲਈ, ਇਤਿਹਾਸਕ ਬਰਾਬਤਾ ਦੇ ਨਿਆਂ ਅਧੀਨ ਸਮਾਜਕ, ਆਰਥਿਕ ਤੇ ਰਾਜਨੀਤਕ ਖੇਤਰ ਅੰਦਰ, ਬਰਾਬਰਤਾ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਕਿਰਤੀ ਅੰਦੋਲਨਾਂ ਨੂੰ ਜਨਮ ਦੇਣ ਲਈ ਹੀ ਸਹਾਇਕ ਬਣੀ। ਜੋ ਆਰਥਿਕ ਗੁਲਾਮੀ ਵਿਰੁਧ ਇਹ ਇਕ ਪਹਿਲਾ ਇਨਕਲਾਬੀ ਕਦਮ ਸੀ ਜਿਸ ਨੇ ਵਰਗ ਸੰਘਰਸ਼ ਨੂੰ ਤੇਜ ਕੀਤਾ ਸੀ।

ਉਨ੍ਹੀਵੀਂ ਸਦੀ ਦੇ ਨੌਵੇਂ ਦਹਾਕੇ ਦੌਰਾਨ ਅਮਰੀਕਾ ਅੰਦਰ ਵਿਕਸਤ ਹੋ ਰਹੇ ਪੂੰਜੀਵਾਦੀ ਸਮਾਜ ਦੇ ਗਰਭ ਅੰਦਰ ਕਿਰਤੀ ਜਮਾਤ ਦੀਆ ਆਰਥਿਕ ਹਾਲਤਾਂ ਦਾ ਖਰਾਬ ਹੋਣਾ ਕੇਵਲ ਬੇਰੁਜ਼ਗਾਰੀ ਦਾ ਕਾਰਨ ਹੀ ਨਹੀਂ ਸੀ ਸਗੋਂ ਹੋਰ ਕਾਰਨ ਵੀ ਸਨ। ਜਿਵੇਂ ਉਜਰਤਾਂ ਵਿੱਚ ਕਟੌਤੀ, ਕੰਮ ਦੀਆਂ ਹਾਲਤਾਂ ਦਾ ਖਰਾਬ ਹੋਣਾ, ਵਧੇਰੇ ਕਿਰਾਏ, ਮਾੜੀਆਂ ਰਿਹਾਇਸ਼ੀ ਹਾਲਤਾਂ, ਰੁਜ਼ਗਾਰ ਦੀ ਅਸਥਿਰਤਾ 'ਤੇ ਅਸਹਿ ਤੌਰ ਉਤੇ ਲੰਮੀਆਂ ਕੰਮ ਦੀਆਂ ਘੜੀਆ ਦਾ ਹੋਣਾ ? ਉਸ ਸਮੇਂ ਨਾ ਤਾਂ ਸਮਾਜਵਾਦੀ ਲਹਿਰ ਏਨੀ ਤਕੜੀ ਸੀ, ਨਾ ਹੀ ਵਿਚਾਰਧਾਰਕ ਤੌਰ 'ਤੇ ਅਤੇ ਨਾ ਹੀ ਜੱਥੇਬੰਦਕ ਤੌਰ 'ਤੇ ਹੀ ਇਕ ਜਾਨ ਲਹਿਰ ਸੀ ! ਕਿਰਤੀ ਤੇ ਟਰੇਡ ਯੂਨੀਅਨ ਲਹਿਰ ਨਾਲੋਂ ਨਿਖੜਕੇ ਸਮਾਜਵਾਦੀ ਲੇਬਰ ਪਾਰਟੀ ਕਿਰਤੀਆਂ ਨੂੰ ਰਾਜਸੀ ਤੌਰ ਉਤੇ ਸਿਖਿਆ ਦੇਣ ਅਤੇ ਉਨ੍ਹਾਂ ਵਿੱਚ ਸਮਾਜਵਾਦੀ ਚੇਤਨਾ ਭਰਨ ਲਈ ਵੀ ਬਹੁਤ ਕੁਝ ਵੀ ਨਾ ਕਰ ਸਕੀ। ਇਸ ਦਾ ਹਵਾਲਾ ਅਲਬਰਟ ਪਾਰਸਨਜ਼ ਵੱਲੋ ਜੀਵਨ ਦੇ ਆਖਰੀ ਵਰ੍ਹੇ ਲਿਖੀ ''ਅਰਾਜਕਤਾਵਾਦੱ ਇਸ ਦਾ ਸਿਧਾਂਤ ਤੇ ਇਸ ਦਾ ਵਿਗਿਆਨਕ ਅਧਾਰ ਜੋ 27-ਅਕਤੂਬਰ, 1887 ਨੂੰ ਜੇਲ੍ਹ ਦੌਰਾਨ ਲਿਖੀ ਅਮਰੀਕਾ ਅੰਦਰ ਪੂੰਜੀਵਾਦ ਦਾ ਵਿਕਾਸ ਅਤੇ ਸਨਅਤੀ ਕਿਰਤੀ ਜਮਾਤ ਦੇ ਪਸਾਰ ਨੂੰ ਦਵੰਦਾਤਮਕ ਪਦਾਰਥਵਾਦ ਦੀ ਦਰਿਸ਼ਟੀ ਵੱਜੋ ਰੂਪਮਾਨ ਕਰਦੇ ਹੋਏ ਪੇਸ਼ ਕੀਤਾ ਗਿਆ ਸੀ! ਉਸ ਸਮੇਂ ਕਿਰਤੀ ਲਹਿਰਾਂ ਤੇ ਰੋਸ ਸਾਰੇ ਅਮਰੀਕਾ ਅੰਦਰ ਫੈਲ ਰਿਹਾ ਸੀ।

ਸ਼ਿਕਾਗੋ, ਮਈ 1886 ਦੇ ਕਾਂਡ ਤੋਂ ਪਹਿਲਾ ਅਪ੍ਰੈਲ ਦੇ ਅਖੀਰ ਤਕ ਬਹੁਤ ਸਾਰੀਆਂ ਕਿਰਤੀ ਜੱਥੇਬੰਦੀਆਂ ਨੇ 8-ਘੰਟੇ ਕੰਮ-ਦਿਨ ਜਾਂ ਆਮ ਤੌਰ ਤੇ ਕੰਮ-ਦਿਨ ਨੂੰ ਛੋਟਾ ਕਰਨ ਦੀ ਮੰਗ ਉਠਾਈ। ਪਹਿਲੀ ਮਈ ਨੂੰ ਹੀ ਦਸ-ਹਜ਼ਾਰ ਤੋਂ ਵੱਧ ਕਿਰਤੀਆਂ ਨੇ ਹੜਤਾਲ ਕਰ ਦਿੱਤੀ। ਕੁਝ ਕੰਪਨੀਆਂ ਨੇ ਰਿਆਇਤਾਂ ਵੀ ਦਿਤੀਆਂ, ਪਰ ਸੰਘਰਸ਼ ਜਾਰੀ ਰਿਹਾ। 3-ਮਈ ਨੂੰ ਸ਼ਹਿਰ ਵਿਆਪੀ ਮੁਜਾਹਰਾ ਹੋਣ ਵਾਲਾ ਸੀ। ਮੁਜ਼ਾਹਰੇ ਸਮੇਂ ਪੁਲੀਸ ਨੇ ਹਥਿਆਰਾਂ ਦੀ ਵਰਤੋਂ ਕੀਤੀ। ਕਈ ਕਿਰਤੀ ਸ਼ਹੀਦ ਹੋ ਗਏ। ਅਗਲੇ ਦਿਨ ਰੋਸ ਵੱਜੋ ਕਿਰਤੀ ਗੁਸੇ 'ਚ ਆਮ-ਹੜਤਾਲ ਦੀ ਤਿਆਰੀ ਕਰ ਰਹੇ ਸਨ। ਪੁਲੀਸ ਨੇ ਕਿਰਤੀਆਂ ਤੇ ਹਮਲਾ ਕਰ ਦਿਤਾ ਤੇ ਫੌਜ ਨੇ ਗੋਲੀ ਚਲਾ ਦਿੱਤੀ। ਕਈ ਕਿਰਤੀ ਸ਼ਹੀਦ ਹੋ ਗਏ। ਚਾਰ ਮਈ, 1886 ਨੂੰ ਸ਼ਾਮ ਦੇ 7-ਵਜੇ ਦੋ-ਤਿੰਨ ਹਜ਼ਾਰ ਦੇ ਵਿਚਕਾਰ ਕਿਰਤੀ ''ਹੇਅ ਮਾਰਕਿਟ ਚੌਂਕੱ ਵਿੱਚ ਇੱਕਠੇ ਹੋਏ। ਕਿਰਤੀ ਆਗੂ ਸਪਾਈਜ਼, ਪਾਰਸਨਜ਼ ਤੇ ਫੀਲਡਨ ਨੇ ਅਧਿਕਾਰੀਆਂ 'ਤੇ ਮਿਲ ਮਾਲਕਾਂ ਦੀ ਬਰਬਰਤਾ ਅਤੇ ਕਿਰਤੀ ਵਿਰੋਧੀ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ। ਉਸ ਵੇਲੇ ਨਾ ਤਾਂ ਕਿਰਤੀ ਹਥਿਆਰਬੰਦ ਸਨ ਤੇ ਨਾ ਹੀ ਕੋਈ ਮੁਕਾਬਲੇ ਦਾ ਡਰ ਸੀ। ਰੈਲੀ ਦੌਰਾਨ ਮੀਂਹ ਪੈਣ ਲੱਗ ਪਿਆ ਤੇ ਕਿਰਤੀ ਘਰਾਂ ਵਲ ਜਾ ਰਹੇ ਹਨ, ਆਖਰੀ ਬੁਲਾਰਾ ਫੀਲਡਨ ਸੀ। ਵੱਡੀ ਗਿਣਤੀ ਵਿੱਚ ਮਿਲਟਰੀ (ਪੁਲਿਸ) ਨੇ ਸਟੇਜ ਦੇ ਲਾਗੇ ਜਾ ਕੇ ਪੁਜੀਸ਼ਨਾਂ ਲੈ ਲਈਆ। ਪੁਰ ਅਮਨ ਰੈਲੀ ਖਤਮ ਹੋ ਰਹੀ ਸੀ ਤੇ ਇਕ ਬੰਬ ਉਥੇ ਸੁਟਿਆ ਗਿਆ? ਇਕ ਪੁਲਿਸ ਕਰਮਚਾਰੀ ਮਾਰਿਆ ਗਿਆ ਤੇ ਕੁਝ ਲੋਕ ਜ਼ਖਮੀ ਹੋ ਗਏ। 4-ਮਈ ਦੀ ਬਰਬਰਤਾ, ਬਸ ! ਫਿਰ ਕੀ ਸੀ, ਜਿਵੇਂ ਪੂੰਜੀਪਤੀ ਮਾਲਕਾਂ ਅਤੇ ਪੁਲਿਸ ਦੀ ਯੋਜਨਾ-ਬੰਦੀ ਸੀ, ਪੁਲਿਸ ਵਲੋਂ ਅੱਧਾਧੁੰਦ ਬੜੀ ਬੇਕਿਰਕੀ ਨਾਲ ਕਿਰਤੀਆਂ 'ਤੇ ਗੋਲੀਆਂ ਦਾ ਮੀਂਹ ਵਰਾਹ ਦਿੱਤਾ। ਬਹੁਤ ਸਾਰੇ ਕਿਰਤੀ-ਮਰਦ, ਇਸਤਰੀਆਂ ਅਤੇ ਬੱਚੇ ਸ਼ਹੀਦ ਹੋ ਗਏ ਤੇ ਜਖ਼ਮੀ ਹੋ ਗਏ। ਪੁਲਿਸ ਨੇ ਨਿੱਠ-ਕੇ ਕਿਰਤੀਆਂ ਦਾ ਪਿਛਾ ਕੀਤਾ। ਜਮਹੂਰੀ ਦੇਸ਼ ਕਹਾਉਣ ਵਾਲੇ ਅਮਰੀਕਾ ਅੰਦਰ ਪੁਲਿਸ ਜ਼ਬਰ, ਬਰਬਰਤਾ ਅਤੇ ਮਨ-ਮਰਜ਼ੀ ਦੇ ਤਸ਼ੱਦਦ ਨੇ ''ਹੇਅ-ਮਾਰਕਿਟ ਦੇ ਕਾਂਡੱ ਨੂੰ ਸ਼ਹੀਦ ਕਿਰਤੀਆਂ ਦੀ ਯਾਦ ਵਿੱਚ ਮਈ ਦਿਵਸ ਨੂੰ ਕੌਮਾਂਤਰੀ ਕਿਰਤੀ-ਜਮਾਤ ਨਾਲ ਇਕਮੁਠਤਾ ਵਜੋਂ ਅਮਰ ਬਣਾ ਦਿੱਤਾ ? ਕਿਰਤੀਆਂ ਦੇ ਡੁਲ੍ਹੇ ਖੂਨ ਨਾਲ ਉਹਨਾਂ ਦੇ ਸਬਰ ਨੇ, 'ਚਿੱਟੇ ਝੰਡੇ ਨੂੰ ਖੂਨ ਦੇ ਕੇ ਲਾਲ ਸੁਰਖ ਬਣਾ ਦਿੱਤਾ ! ਜੋ ਸ਼ਿਕਾਗੋ ਹੀ ਨਹੀਂ ਅੱਜ ਸਾਰੀ ਦੁਨੀਆਂ ਅੰਦਰ ਕਿਰਤੀ-ਜਮਾਤ ਦੀ ਪ੍ਰਤੀਨਿਧਤਾ ਕਰਕੇ ਕਿਰਤੀ ਕੁਰਬਾਨੀ ਦਾ ਇਹ 'ਲਾਲ ਝੰਡਾਂ ਇਕ ਪ੍ਰਤੀਕ ਬਣ ਗਿਆ। ਪਾਰਸਨਜ਼ ਨੇ ''ਹੇਅ-ਮਾਰਕਿਟ ਗੋਲੀ ਕਾਂਡੱ ਦੇ ਦੁਖਾਂਤ ਨੂੰ ਨੰਗਾ ਕੀਤਾ, 'ਜਿਹੜੇ ਅਦਾਲਤ ਵਿੱਚ ਝੂਠੇ ਗਵਾਹ, ਇਸਤਗਾਸਾ ਅਤੇ ਜੱਜ ਖੇਡ ਰਹੇ ਸਨ ? ਉਸ ਨੇ ਹਾਕਮੀ ਸਾਜਸ਼ ਨੂੰ ਨੰਗਾ ਕਰਦੇ ਦੱਸਿਆ ਕਿ ਇਹ ਮੁਕੱਦਮਾ ਕਿਰਤੀ ਜਮਾਤ ਦੀ ਆਜ਼ਾਦੀ ਵਿਰੁਧ ਇਕ ਸਾਜਸ਼ ਸੀ, ਜਿਸ ਲਈ ਸ਼ਿਕਾਗੋ ਦੇ ਕਰੋੜਾਂਪਤੀ ਕਾਰਖਾਨੇਦਾਰਾਂ ਨੇ ਧਨ ਦਿਤਾ ਸੀ। ਫਾਂਸੀ ਲੱਗਣ ਤੋਂ ਥੋੜੀ ਦੇਰ ਪਹਿਲਾ ਜੇਲ੍ਹ ਵਿੱਚ ਪਾਰਸਨਜ਼ ਨੇ ਆਪਣੀ ਪੁਸਤਕ ਖਤਮ ਕੀਤੀ ਜਿਸ ਵਿੱਚ ਉਸਨੇ ਸਮਾਜ ਦੇ ਵਿਕਾਸ ਬਾਰੇ ਆਪਣੇ ਵਿਚਾਰ ਦੱਸੇ ਸਨ। ਉਸ ਦੀ ਪਤਨੀ ਲੂਸੀ ਪਾਰਸਨਜ਼ ਨੇ, ਜਿਹੜੀ ਕਿ ਇਨਕਲਾਬੀਆਂ ਦੀ ਮਿੱਤਰ ਤੇ ਸਾਥੀ ਸੀ ਨੇ ਅਦਾਲਤ ਵਿੱਚ ਲੋਕਾਂ ਦੇ ਬਿਆਨਾਂ, ਮੁਕੱਦਮੇ ਦੀ ਤਫ਼ਤੀਸ ਤੇ ਰੀਕਾਰਡ ਪ੍ਰਕਾਸ਼ ਕਰਾਏ।

ਸ਼ਿਕਾਗੋ ਦੀਆਂ ਦੁੱਖਦਾਈ ਘਟਨਾਵਾਂ ਦੀ ਖਬਰ ਸਾਰੀ ਦੁਨੀਆਂ ਵਿੱਚ ਫੈਲ ਗਈ ! ਕਿਰਤ ਅਤੇ ਆਜਾਦੀ ਲਈ ਸੰਘਰਸ਼ ਦਾ ਸ਼ਿਕਾਰ ਹੋਏ ਕਿਰਤੀਆਂ ਲਈ ਵਿਆਪਕ ਤੌਰ 'ਤੇ ਹਮਦਰਦੀ ਦੀ ਲਹਿਰ ਉਠ ਖੜੀ ਹੋ ਗਈ ! ਇਲੀ ਨੌਇਜ਼ ਦੇ ਗਵਰਨਰ ਨੂੰ ਕਿਰਤੀਆਂ ਨੂੰ ਦਿਤੀ ਸਜ਼ਾਅ ਦੀ ਮਨਸੂਖੀ ਕਰਨ ਦੀਆਂ ਦਰਖਾਸਤਾਂ ਕਈ ਦੇਸ਼ਾਂ ਦੀਆਂ ਸਖਸ਼ੀਅਤਾਂ ਤੇ ਜੱਥੇਬੰਦੀਆਂ ਵੱਲੋਂ ਭੇਜੀਆਂ ਗਈਆਂ। ਜਿਨ੍ਹਾਂ ਵਿੱਚ ਜਾਰਜ ਬਰਨਾਰਡ ਸ਼ਾਅ, ਫਰਾਂਸ ਦੇ ਡਿਪਟੀਆਂ ਦੀ ਚੈਂਬਰ, ਪੈਰਿਸ ਦੀ ਮਿਉਂਸਪਲ ਕੌਂਸਲ, ਸੇਈਨ ਦੇ ਕੌਂਸਲ, ਫਰਾਂਸ, ਰੂਸ, ਇਟਲੀ ਤੇ ਸਪੇਨ ਦੇ ਮਜ਼ਦੂਰਾਂ ਦੀਆਂ ਜੱਥੇਬੰਦੀਆਂ ਸ਼ਾਮਲ ਸਨ। ਖੁਦ ਅਮਰੀਕਾ ਵਿੱਚ ਉਘੇ ਕਨੂੰਨੀ ਮਾਹਿਰਾਂ, ਜਨਤਕ ਆਗੂ, ਹੈਨਰੀ ਡੇਮਾਰਿਸਟ ਲਾਇਡ, ਸੈਨੇਟਰ ਈਮਾਨ ਟਰਨਬੁਲ, ਸਟੀਫਨ ਐਸ, ਗਰੀਗੋਰੀ, ਲੀਮਾਨ ਗੇਜ, ਆਰ.ਜੀ. ਇਨਗਰ ਸੋਲ ਆਦਿ ਸ਼ਾਮਲ ਸਨ। 11-ਨਵੰਬਰ, 1887 ਨੂੰ ਅਲਬਰਟ ਪਾਰਸਨਜ਼, ਅਗਸਤ ਸਪਾਈਸ, ਅਡਾਲਫ਼ ਫਿਸ਼ਰ ਅਤੇ ਜਾਰਜ ਏਂਗਲ ਨੂੰ ਫਾਂਸੀ ਲਾਈ ਗਈ। ਇਨ੍ਹਾਂ ਸੂਰਮਿਆਂ ਨੇ ਆਪਣੇ ਆਖਰੀ ਸ਼ਬਦਾਂ ਰਾਹੀ ਕਿਰਤੀ ਜਮਾਤ ਨੂੰ ਸੰਘਰਸ਼ ਜਾਰੀ ਰੱਖਣ ਲਈ ਜੁਸ਼ੀਲੇ ਸੁਨੇਹੇ ਰਾਹੀ ਯਾਦ ਕੀਤਾ।

ਪਹਿਲੀ ਮਈ ਦੇ ਖੂਨੀ ਕਾਂਡ ਅੰਦਰ ਜ਼ਾਬਰ ਹਾਕਮਾਂ ਨੂੰ ਸੰਸਾਰ ਦਬਾਅ ਅਧੀਨ ਸੈਮੂਐਲ ਫੀਲਡਨ ਤੇ ਮਾਈਕਲ ਸ਼ਾਅਬ ਦੀਆਂ ਮੌਤ ਦੀਆਂ ਸਜ਼ਾਵਾਂ ਨੂੰ ਉਮਰ ਕੈਦ ਵਿੱਚ ਤਬਦੀਲ ਕਰਨਾ ਪਿਆ। ਜੇਲ੍ਹ ਅੰਦਰ ਸ਼ਹੀਦ ਹੋਏ ਲੂਈ ਅਤੇ ਫਾਂਸੀ ਲੱਗੇ ਸ਼ਹੀਦ ਆਗੂਆਂ ਨੂੰ ਸ਼ਿਕਾਗੋ ਵਿਖੇ ਵਾਲਧਾਈਮ ਕਬਰਸਤਾਨ ਵਿੱਚ ਪੂਰੇ ਸਨਮਾਨਾਂ ਨਾਲ ਦਫ਼ਨਾਅ ਦਿੱਤਾ ਗਿਆ। ਮਈ ਦੇ ਸ਼ਹੀਦ ਕਿਰਤੀ ਜਮਾਤ ਦੇ ਆਗੂਆਂ ਦੇ ਜਨਾਜ਼ੇ ਵਿੱਚ ਮਜ਼ਦੂਰ ਜਮਾਤ ਨਾਲ ਯਕਜਿਹਤੀ ਪ੍ਰਗਟ ਕਰਨ ਲਈ 25-ਹਜ਼ਾਰ ਤੋਂ ਵੱਧ ਕਿਰਤੀ ਲੋਕਾਂ ਦੇ ਹਜੂਮ ਨੇ ਸਤਿਕਾਰ ਵਜੋਂ ਹਿਸਾ ਲਿਆ ਅਤੇ ਆਪਣੇ ਜਮਾਤੀ ਭਰਾਵਾਂ ਤੇ ਸਾਥੀਆਂ ਨੂੰ ਆਖਰੀ ਅਲਵਿਦਾ ਕਹੀ ! ਬਹੁਤ ਸਾਰੇ ਕਿਰਤੀ ਲੋਕਾਂ ਅਤੇ ਜਮਹੂਰੀ-ਸੋਚ ਵਾਲੇ ਅਮਰੀਕੀ ਇਸ ਗਲ 'ਤੇ ਬਜ਼ਿਦ ਰਹੇ ਕਿ ਮਈ 'ਹੇਅ-ਮਾਰਕਿਟ' ਦੇ ਖੂਨੀ-ਕਾਂਡ 'ਤੇ ਮੁੜ ਕੇਸ ਨਵੇਂ ਸਿਰਿਓ ਚਲਾਇਆ ਜਾਵੇ। ਲੋਕ ਦਬਾਅ ਅਧੀਨ 26-ਜੁਲਾਈ,1893 ਨੂੰ ਇਲੀਨੋਇਜ਼ ਦੇ ਨਵੇਂ ਚੁਣੇ ਗਵਰਨਰ ਜਾਹਨ ਪੀ.ਐਟਗੈਲਡ ਨੇ ਫੀਲਡਨ, ਸ਼ਾਅਬ ਤੇ ਨੀਬ ਨੂੰ ਮੁਆਫੀ ਦੇ ਦਿੱਤੀ। ਆਪਣੇ ਐਲਾਨ ਵਿੱਚ ਗਵਰਨਰ ਨੇ ਕਿਹਾ ਇਹ ਲੋਕ ਆਪਣੇ ਸਾਥੀਆਂ ਵਾਂਗ ਨਿਰਦੋਸ਼ ਸਨ ਤੇ ਉਹਨਾਂ ਉਤੇ ਮੁਕੱਦਮੇ ਚਲਾਉਣਾ ਅਦਾਲਤੀ ਜ਼ਾਬਤੇ ਦੀ ਭੱਦੀ ਉਲੰਘਣਾ ਸੀ।

ਹੇਅ ਮਾਰਕਿਟ ਦੇ ਖੂਨੀ ਕਾਂਡ ਵੇਲੇ ਜਦੋਂ ਕਿਰਤੀ ਪੁਰ-ਅਮਨ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਸਨ ਤਾਂ ਅਮਰੀਕਾ ਦੇ ਹੰਕਾਰੀ ਪੂੰਜੀਪਤੀ ਮਿਲ ਮਾਲਕ ਤੇ ਰਾਜਤੰਤਰ ਮਨ-ਮਰਜ਼ੀ ਦੀਆਂ ਕਾਰਵਾਈਆਂ ਰਾਹੀਂ ਹੜਤਾਲੀ ਕਿਰਤੀਆ ਅੰਦਰ ਭੜਕਾਹਟ ਪੈਦਾ ਕਰਕੇ ਵੱਡੇ ਪੱਧਰ 'ਤੇ ਤਸ਼ੱਦਦ ਕਰਨ ਲਈ ਬਹਾਨੇ ਲੱਭ ਰਿਹਾ ਸੀ। 3-ਮਈ 1886 ਨੂੰ ਮੈਕਾਰਮਿਕ ਫੈਕਟਰੀ ਦੇ ਕਿਰਤੀਆਂ 'ਤੇ ਪੁਲੀਸ ਵਲੋਂ ਚਲਾਈ ਗੋਲੀ ਕਾਰਨ 6-ਕਿਰਤੀ ਸ਼ਹੀਦ ਹੋ ਗਏ ਸਨ।

ਇਸੇ ਤਰ੍ਹਾਂ ਰੋਸ ਪ੍ਰਗਟ ਕਰਦੇ ਕਿਰਤੀਆਂ 'ਤੇ 4-ਮਈ ਨੂੰ ਚੱਲੀ ਗੋਲੀ ਦੌਰਾਨ ਜਿਹੜੇ ਵੀ ਕਿਰਤੀ ਸ਼ਹੀਦ ਹੋਏ ਸਨ ਉਹਨਾਂ ਲਈ ਵੀ ਹਾਕਮ ਤੇ ਉਸ ਦੀ ਪੁਲੀਸ ਹੀ ਜਿੰਮੇਵਾਰ ਸੀ। ਉਸ ਸੰਬੰਧੀ ਉਸ ਵੇਲੇ ਦਾ ਪ੍ਰੈਸ ਕਿਵੇਂ ਮਾਲਕਾਂ ਪੱਖੀ ਰੋਲ ਅਦਾ ਕਰ ਰਿਹਾ ਸੀ, 'ਸ਼ਿਕਾਗੋ ਟ੍ਰਿਬਿਊਨ ਨੇ ਕਿਰਤੀਆਂ ਦੀ ਮੀਟਿੰਗ ਨੂੰ ''ਅਵਾਰਾ ਹਜੂਮੱ ਕਹਿੰਦੇ ਹੋਏ ਲਿਖਿਆ, 'ਕਿ ਜੇ ਅਰਾਜਕਤਾਵਾਦ ਅਤੇ ਕਮਿਊਨਿਜ਼ਮ ਨੂੰ ਛੇਤੀ ਤੇ ਪੂਰੀ ਤਰ੍ਹਾਂ ਦਰੜਿਆ ਨਾ ਗਿਆ ਤਾਂ ਸਾਡਾ ਅਮਰੀਕਨ ਸਮਾਜ ਖਤਰੇ 'ਚ ਪੈ ਜਾਵੇਗਾ ? ਇਸ ਤੋਂ ਸਪਸ਼ਟ ਜ਼ਾਹਰ ਹੈ ਕਿ ਅਮਰੀਕੀ ਰਾਜਸਤਾ ਅੰਦਰ ਉਸ ਵੇਲੇ ਹਾਕਮ, ਮਿਲ ਮਾਲਕ ਅਤੇ ਰਾਜਤੰਤਰ ਪੂਰੀ ਤਰ੍ਹਾਂ ਇਕ-ਮਿਕ ਤੇ ਕਿਰਤੀਆਂ ਵਿਰੋਧੀ ਸੀ। ਪਰ ਸ਼ਿਕਾਗੋ ਸ਼ਹਿਰ ਦੇ ਹੇਅ-ਮਾਰਕਿਟ 'ਚ ਡੁੱਲੇ ਕਿਰਤੀਆਂ ਦੇ ਖੂਨ ਕਾਰਨ, ਜੋ ਇਤਿਹਾਸ ਉਸਰਿਆ ਹੈ, ਉਸ ਨੇ ਸਾਰੀ ਦੁਨੀਆਂ ਅੰਦਰ ਇਕ ਨਿਰਣਾਇਕ ਅਸੂਲਾਂ ਨੂੰ ਉਜਾਗਰ ਕਰਦੇ ਹੋਏ ਕਿਰਤ ਦੀ ਲੁੱਟ ਕਰਨ ਵਾਲੇ ਪੂੰਜੀਪਤੀ ਵਰਗ ਨੂੰ ਵੰਗਾਰਿਆ। 1893 ਨੂੰ ਸ਼ਿਕਾਗੋ ਦੇ ਕਿਰਤੀਆਂ ਨੇ ਹੇਅ ਮਾਰਕਿਟ ਦੇ ਸੂਰਮਿਆਂ ਦੀਆਂ ਕਬਰਾਂ ਉਤੇ ਇਕ ਯਾਦਗਾਰੀ ਸਿਲ ਲਾ ਦਿਤੀ ਜੋ ਨਿਆਂ ਲਈ ਆਵਾਜ਼ ਨੂੰ ਸਦੀਵੀ ਬੁਲੰਦ ਕਰਦੀ ਰਹੇਗੀ ? ''ਉਹ ਸਵੇਰਾ (ਦਿਨ) ਜਰੂਰ ਆਵੇਗਾ, ਜਦੋਂ ਸਾਡੀ ਚੁਪ (ਜ਼ਬਰ ਨਾਲ ਬੰਦ ਕੀਤੀ ਜ਼ੁਬਾਨ) ਹੋਰ ਵੀ ਸ਼ਕਤੀਸ਼ਾਲੀ ਹੋਵੇਗੀ ?ਸਾਡੀ ਆਵਾਜ਼ ਜਿਸ ਨੂੰ ਤੁਸੀ ਬੰਦ ਕਰ ਰਹੇ ਹੋ, ਇਕ ਭਾਂਬੜ ਬਣ ਕੇ ਹਰ ਪਾਸੇ ਮੱਚਣਗੇ ?

ਕਦੀ ਜਾਗਰਿਤੀ ਅਤੇ ਪੁਨਰ-ਨਿਰਮਾਣ ਦੀ ਲਹਿਰ ਜੋ ਪੱਛਮ ਵੱਲੋ ਪੈਦਾ ਹੋ ਕੇ ਸੰਸਾਰ ਨੂੰ ਰੁਸ਼ਨਾਉਂਦੀਆਂ ਸਨ ! ਪਰ ਪਹਿਲੀ ਮਈ, 1886 ਦੇ ਇਤਿਹਾਸਕ ਮਜ਼ਦੂਰ ਦਿਵਸ ਨੇ ਅਮਰੀਕਾ ਤੋਂ ਤੁਰ ਕੇ ਯੂਰਪ, ਏਸ਼ੀਆ, ਅਫਰੀਕਾ ਤੇ ਆਸਟ੍ਰੇਲੀਆ ਅਤੇ ਸਾਰੀ ਦੁਨੀਆਂ ਦੇ ਕਿਰਤੀਆਂ ਨੂੰ ਜਾਗਰਿਤ ਕੀਤਾ ! ਇਸ ਮਹਾਨ ਘੋਲ ਨੇ ਦੁਨੀਆਂ ਅੰਦਰ ਪੂੰਜੀਪਤੀ ਵਰਗ ਦੀ ਲੁੱਟ-ਖਸੁੱਟ ਵਿਰੁਧ, 'ਲੁੱਟੀ ਜਾਣ ਵਾਲੀ ਸ਼ੋਸ਼ਤ ਕਿਰਤੀ-ਜਮਾਤ ਨੂੰ, 'ਹੱਕਾਂ ਲਈ 'ਤੇ ਅਨਿਆਏ ਵਿਰੁੱਧ ਮਾਲਕਾਂ ਦੇ ਆਹਮੋ-ਸਾਹਮਣੇ ਖੜਾ ਕਰ ਦਿੱਤਾ। ਦੁਨੀਆਂ ਭਰ 'ਚ ਕਿਰਤੀ-ਜਮਾਤ ਅੰਦਰ ਮਈ ਦਿਵਸ ਤੋਂ ਬਾਅਦ ਆਈ ਜਮਾਤੀ-ਜਾਗਰਿਤੀ ਵਾਲੀ ਚੇਤਨਤਾ ਨੇ ਮਨੁੱਖ ਹੱਥੋ ਮਨੁੱਖ ਦੀ ਹੁੰਦੀ ਲੁੱਟ-ਖਸੁੱਟ ਨੂੰ ਖਤਮ ਕਰਨ, ਹਰ ਜ਼ੁਲਮ, ਜ਼ਬਰ ਤੇ ਜ਼ਹਾਲਤ ਤੋਂ ਮੁਕਤੀ ਦਿਵਾਉਣ ਲਈ ਕਿਰਤੀ-ਵਰਗ ਨੂੰ ਇਕ ਤਕੜਾ ਝੰਜੋੜਾ ਦਿੱਤਾ! ਸ਼ਿਕਾਗੋ ਦੇ ਇਸ ਇਤਿਹਾਸਕ ਵਰਤਾਰੇ ਨੇ ਦੋ-ਸੰਸਾਰ, 'ਮਾਲਕ ਤੇ ਮਜ਼ਦੂਰ ਅਤੇ ਦੋਨਾਂ-ਵਿਚਕਾਰ ਲੁੱਟ-ਖਸੁੱਟ ਵਿਰੁਧ ਸ਼ੋਸ਼ਣ ਵਾਲੇ ਰਾਜ ਦੇ ਖਾਤਮੇ ਵਿਰੁੱਧ ਸੰਘਰਸ਼ਾਂ ਤੇ ਖੁਸ਼ਹਾਲੀ ਵਾਲਾ ਰਾਜ, ਗੁਲਾਮੀ ਦੀ ਥਾਂ ਭਰੱਖਣ ਵਾਲੇ ਸੰਸਾਰ ਦੀ ਸਥਾਪਤੀ ਵਲ ਇਕ ਨਾ ਮਿਟਣ ਵਾਲਾ ਸੰਕਲਪ ਅਤੇ ਮੁਕਤੀ ਵਾਲਾ ਅਸਲੀ ਰਾਹ ਸਾਹਮਣੇ ਲਿਆਂਦਾ! ਇਸ ਵਰਗ-ਸੰਘਰਸ਼ ਵਾਲੇ ਵਰਤਾਰੇ ਨੇ ਹੀ ਪਹਿਲੀ ਵਾਰ ਰੂਸ ਅੰਦਰ (ਸੋਵੀਅਤ ਯੂਨੀਅਨ) ਹੋਏ ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ, 1917 ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ ਨੇ ਸੱਚ ਕਰ ਦਿਖਾਇਆ ਕਿ ਕਿਰਤੀ ਹੀ ਇਸ ਸੰਸਾਰ ਦੇ ਮਾਲਕ ਹਨ !

ਭਾਵੇਂ ਪਹਿਲੇ ਸਮਾਜਵਾਦੀ ਰਾਜ ਪ੍ਰਬੰਧ ਵਾਲਾ ਸੋਵੀਅਤ ਰੂਸ (1917-1991) ਢੈਅ-ਢੇਰੀ ਹੋ ਚੁੱਕਾ ਹੈ। ਪਰ ਜੋ ਪ੍ਰਾਪਤੀਆਂ ਸਮਾਜਵਾਦੀ ਪ੍ਰਭਾਵ ਹੇਠ ਪ੍ਰਾਪਤ ਹੋਈਆਂ ਉਸ ਸੀ ਸਭ ਤੋਂ ਵੱਡੀ ਕਿਰਤੀ-ਵਰਗ ਅੰਦਰ ਆਈ ਜਾਗਰਿਤੀ ਸੀ! ਗੁਲਾਮ ਕੌਮਾਂ ਤੇ ਦੇਸ਼ਾਂ ਦੀ ਆਜਾਦੀ, ਸੰਸਾਰ-ਅਮਨ, ਵਿਗਿਆਨ ਅਤੇ ਟੈਕਨੌਲਜੀ ਖੇਤਰ ਅੰਦਰ ਹੋਈਆਂ ਅਥਾਹ ਪ੍ਰਾਪਤੀਆਂ ਵੀ ਸਭ ਵਰਣਨ-ਯੋਗ ਹਨ। ਇਹ ਚੜ੍ਹਤ ਸਮਾਜਵਾਦੀ ਵਿਚਾਰਾਂ, ਅਮਲਾਂ ਤੇ ਪ੍ਰਭਾਵਾਂ ਦਾ ਹੀ ਸਿੱਟਾ ਸੀ। ਇਸ ਇਨਕਲਾਬੀ ਮਿਸ਼ਨ ਲਈ 1886 ਦੇ ਸ਼ਿਕਾਗੋ ਦੇ ਕਿਰਤੀਆਂ ਵੱਲੋ ਅਪਣਾਇਆ ਕੁਰਬਾਨੀ ਭਰਿਆ ਕਦਮ ਅਤੇ ਏਕਾ ਹੀ ਸੀ ਜਿਸ ਨੇ ਸਮਾਜ ਦੀ ਇਤਿਹਾਸਕ ਅਤੇ ਗੁਣਾਂਤਮਿਕ ਤਾਸੀਰ ਹੀ ਬਦਲ ਦਿੱਤੀ। ਅੱਜ ਭਾਵੇਂ ਦੁਨੀਆਂ ਅੰਦਰ ਪੂੰਜੀਵਾਦ ਕਈ ਰੂਪਾਂ ਰਾਹੀ ਕਿਰਤੀ ਦੀ ਲੁੱਟ ਕਰਨ ਲਈ ਕਈ ਢੰਗ ਤਰੀਕੇ ਵਰਤ ਰਿਹਾ ਹੈ,ਪਰ ਸਮਾਜਵਾਦੀ ਬਲਾਕ ਇਕ ਜੁਟ ਨਾ ਹੋਣ ਦੇ ਬਾਵਜੂਦ ਵੀ ਦੁਨੀਆਂ ਅੰਦਰ ਵਰਗੀ-ਸੰਘਰਸ਼ ਵੀ ਕਈ ਰੂਪਾਂ 'ਚ ਅੱਗੇ ਵਧ ਰਹੇ ਹਨ। ਸੱਜ-ਪਿਛਾਖੜੀ ਰਾਜਨੀਤਕ ਪ੍ਰਭਾਵ ਦੇ ਵਿਰੁਧ ਸਮਾਜਵਾਦੀ ਚੇਤਨਾ ਅਤੇ ਵਰਗ ਸੰਘਰਸ਼ ਵੀ ਅੱਗੇ ਵੱਧ ਰਹੇ ਹਨ। ਨਵੇਂ-ਨਵੇਂ ਰੂਪਾਂ ਵਿੱਚ ਲੋਕ ਸੰਘਰਸ਼ ਵੀ ਪਣਪ ਰਹੇ ਹਨ ਅਤੇ ਹੋ ਰਹੇ ਕਿਰਤੀ ਸ਼ੋਸ਼ਣ ਨੂੰ ਵੰਗਾਰ ਰਹੇ ਹਨ।

ਪਹਿਲੀ ਮਈ ਮਨੁੱਖੀ ਸਮਾਜ ਅੰਦਰ ਮਨੁੱਖ ਦੀ ਮਨੁੱਖ ਹੱਥੋ ਹੋ ਰਹੀ ਲੁੱਟ-ਖਸੁੱਟ ਵਿਰੁਧ ਸੰਘਰਸ਼ ਦੇ ਸੰਕਲਪ ਦਾ ਦਿਨ ਹੈ ! ਮਈ ਦਿਵਸ ਦੀ ਵਿਰਾਸਤ ਦੀ ਮਜ਼ਬੂਤੀ, ਮਨੁੱਖਤਾ ਦੀ ਖੁਸ਼ਹਾਲੀ ਅਤੇ ਸੰਸਾਰ ਅਮਨ ਦੀ ਸਥਾਪਤੀ ਕਰਨ ਲਈ ਇਹ ਦਿਨ ਹੈ! ਸਦੀਆਂ ਤੋਂ ਗਰੀਬੀ-ਗੁਰਬਤ ਦਾ ਹਨ੍ਹੇਰਾ ਢੋਣ ਵਾਲਿਆ ਦੀ ਬੰਦ-ਖਲਾਸੀ ਦਾ ਦਿਨ ਹੈ ! ਜੋ ਕਿਰਤੀਆਂ ਦੀ ਮੁਕਤੀ ਦੇ ਰਾਹ 'ਚ ਸੂਹੀ-ਸਵੇਰ ਦੀ ਰੌਸ਼ਨੀ ਲੈ ਕੇ ਪਹਿਲੀ ਮਈ ਦਾ ਦਿਨ ਹਰ ਸਾਲ ਸਾਡੇ ਲਈ ਆਉਂਦਾ ਹੈ, ਜਗਾਉਂਦਾ ਹੈ ਅਤੇ ਇਨਕਲਾਬੀ ਸੰਕਲਪ ਨੂੰ ਮਜ਼ਬੂਤ ਕਰਦਾ ਹੈ !!!

ਦੁਨੀਆ ਭਰ ਦੇ ਕਿਰਤੀਓ, ਇਕ ਹੋ ਜਾਵੋ !!!

Matrimonial

ਕੰਨਿਆ ਦੀ ਲੋੜ
ਅਮਰੀਕਨ ਨਾਗਰਿਕ ਸਿੱਖ ਮੁੰਡਾ ਜਨਮ 1984, 5'10" ਤਲਾਕਸ਼ੁਦਾ ਕੋਈ ਬੱਚਾ ਨਹੀਂ, ਲਈ ਅਮਰੀਕਾ ਵਿੱਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜਰੂਰਤ ਹੈ।
ਸੰਪਰਕ- +1(510) 200-1772

Looking for a Bride for American Citizen Sikh Boy divorced from short marriage, No Kids. Born in 1984, height 5'10". Looking for American Citizen or Green Card Holder Girl.
Contact- +1(510) 200-1772


ਆਮ ਆਦਮੀ ਪਾਰਟੀ ਵੱਲੋਂ
ਐਡਵੋਕੇਟ ਸ. ਕਸ਼ਮੀਰ ਸਿੰਘ ਮੱਲ੍ਹੀ ਨੂੰ
ਸਟੇਟ ਲੀਗਲ ਵਿੰਗ ਦੇ Vice President ਲਾਉਣ 'ਤੇ
ਬਹੁਤ-ਬਹੁਤ ਮੁਬਾਰਕਾਂ
ਆਪ
ਆਮ ਆਦਮੀ ਪਾਰਟੀ
ਸ. ਕਸ਼ਮੀਰ ਸਿੰਘ ਮੱਲ੍ਹੀ
ਜਾਰੀ ਕਰਤਾ : ਬੂਟਾ ਸਿੰਘ ਬਾਸੀ, CEO ਸਾਂਝੀ ਸੋਚ ਟੀਵੀ

# ਆਪਣੇ ਇਮੀਗਰੇਸ਼ਨ ਦੇ ਕਿਸੇ ਵੀ ਕੰਮ ਲਈ ਸਾਨੂੰ ਮਿਲੋ

HOPE IMMIGRATION

*Where Hope Meets*

# IMMIGRATION OPPORTUNITIES

**USA SERVICES :**

- CITIZENSHIP
- GREEN CARD & PETITION
- AFFIDAVIT OF SUPPORT
- WORK PERMIT RENEW
- STUDENT VISA & TRANSFER
- TOURIST VISAS

**INDIAN SERVICES :**

- Passport
- VISA
- OCI CARD
- RENUNCIATION
- POWER OF ATTORNEY
- LEGAL DOCUMENTS ATTESTATIONS
- NOTARY SERVICES

**WE CAN HELP YOU WORK AND SETTLE IN COUNTRIES WORLDWIDE ALSO**

ਅਮਰੀਕਾ ਜਾਂ INDIA ਦੀ Immigration ਜਾਂ Legal Document Services ਲਈ HOPE IMMIGRATION ਕੋਲ ਆਓ

ਅਸੀਂ ਤਜਰਬੇਕਾਰ ਇਮੀਗਰੇਸ਼ਨ ਵਕੀਲਾਂ ਨਾਲ ਵੀ ਕੰਮ ਕਰਦੇ ਹਾਂ
ਅਤੇ ਲੋੜ ਪੈਣ ਤੇ ਉਹਨਾਂ ਦੀਆਂ ਸੇਵਾਵਾਂ ਵੀ ਤੁਹਾਨੂੰ ਦਵਾ ਸਕਦੇ ਹਾਂ।



ਵਧੇਰੇ ਜਾਣਕਾਰੀ ਲਈ ਸੰਪਰਕ ਕਰੋ : (916) 518-0630

WEBSITE : www.hopeimmigration.net | Email : help@hopeimmigration.net

ਅਸੀਂ California State ਦੇ Bonded Immigration Consultant ਹਾਂ

ADDRESS : 2953 W CAPITOL AVE WEST SACRAMENTO, CA 95691

ਮੈਂ ਵਕੀਲ ਨਹੀਂ ਹਾਂ ਅਤੇ ਕੋਈ ਕਾਨੂੰਨੀ ਸੁਲਾਹ ਨਹੀਂ ਦੇ ਸਕਦਾ


aap
AAM AADMI PARTY
VOTE & SUPPORT
ਆਪ
ਆਮ ਆਦਮੀ ਪਾਰਟੀ
ਆਮ ਆਦਮੀ ਪਾਰਟੀ
ਫਿਰੋਜ਼ਪੁਰ
ਜਗਦੀਪ ਸਿੰਘ ਕਾਕਾ ਬਰਾੜ
ਗੁਰਦਾਸਪੁਰ
ਅਮਨ ਸ਼ੇਰ ਕਲਸੀ (ਸ਼ੈਰੀ ਕਲਸੀ)
ਜਲੰਧਰ SC
ਪਵਨ ਕੁਮਾਰ ਟੀਨੂੰ
ਲੁਧਿਆਣਾ
ਅਸ਼ੋਕ ਪਰਾਸ਼ਰ ਪੱਪੀ
ਆਨੰਦਪੁਰ ਸਾਹਿਬ
ਮਾਲਵਿੰਦਰ ਸਿੰਘ ਕੰਗ
ਹੁਸ਼ਿਆਰਪੁਰ
ਡਾ.ਰਾਜਕੁਮਾਰ ਚੱਬੇਵਾਲ
ਅੰਮ੍ਰਿਤਸਰ
ਕੁਲਦੀਪ ਧਾਲੀਵਾਲ
ਖਡੂਰ ਸਾਹਿਬ
ਲਾਲਜੀਤ ਭੁੱਲਰ
ਫਤਿਹਗੜ੍ਹ ਸਾਹਿਬ
ਗੁਰਪ੍ਰੀਤ ਸਿੰਘ ਜੀ.ਪੀ.
ਫਰੀਦਕੋਟ
ਕਰਮਜੀਤ ਅਨਮੋਲ
ਬਠਿੰਡਾ
ਗੁਰਮੀਤ ਸਿੰਘ ਖੁੱਡੀਆਂ
ਸੰਗਰੂਰ
ਗੁਰਮੀਤ ਸਿੰਘ ਮੀਤ ਹੇਅਰ
ਪਟਿਆਲਾ
ਡਾ. ਬਲਬੀਰ ਸਿੰਘ
ਜਾਰੀ ਕਰਤਾ
GULINDER GILL

# ਲੋਕਤੰਤਰ ਦੇ ਸਭ ਤੋਂ ਵੱਡੇ ਤਿਉਹਾਰ ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਵੋਟਰਾਂ ਨੂੰ ਦਿੱਤਾ ਜਾਵੇਗਾ 'ਚੋਣ ਸੱਦਾ'-ਸਿਬਿਨ ਸੀ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਲੋਕ ਸਭਾ ਚੋਣਾਂ-2024 ਵਿੱਚ 'ਇਸ ਵਾਰ 70 ਪਾਰ' ਦੇ ਟੀਚੇ ਨੂੰ ਹਾਸਲ ਕਰਨ ਦੀ ਮੁਹਿੰਮ ਤਹਿਤ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਵੱਲੋਂ ਇਕ ਹੋਰ ਨਿਵੇਕਲੀ ਪਹਿਲਕਦਮੀ ਕੀਤੀ ਗਈ ਹੈ। ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਇਸ ਵਾਰ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰਾਂ ਵੱਲੋਂ ਬੀਐਲਓਜ਼ (ਬੂਥ ਪੱਧਰੀ ਅਧਿਕਾਰੀ) ਰਾਹੀਂ ਵੋਟਰਾਂ ਨੂੰ ਘਰ-ਘਰ 'ਚੋਣ ਸੱਦਾ' ਕਾਰਡ ਭੇਜੇ ਜਾਣਗੇ। ਇਸ ਸਬੰਧੀ ਜਾਣਕਾਰੀ ਦਿੰਦਿਆ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਦੱਸਿਆ ਕਿ ਲੋਕਤੰਤਰ ਦੇ ਸਭ ਤੋਂ ਵੱਡੇ ਤਿਉਹਾਰ ਵਿੱਚ ਵੋਟਰਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਉਣ ਵਾਸਤੇ ਸਾਰੇ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਵੱਲੋਂ ਵੋਟਰਾਂ ਨੂੰ 'ਚੋਣ ਸੱਦਾ' ਦਿੱਤਾ ਜਾਵੇਗਾ, ਜਿਸ ਵਿੱਚ ਵੋਟਰਾਂ ਨੂੰ 1 ਜੂਨ 2024 ਨੂੰ ਆਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਦੀ ਅਪੀਲ ਕੀਤੀ ਗਈ ਹੈ। ਇਹ ਕਾਰਡ ਬੀਐਲਓਜ਼ ਵੱਲੋਂ ਘਰ-ਘਰ ਦਿੱਤੇ ਜਾਣਗੇ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਸੂਬੇ ਦੇ ਹਰੇਕ ਜ਼ਿਲ੍ਹੇ




ਵਿੱਚ ਵੱਡੇ ਪੱਧਰ ਉੱਤੇ ਪਹਿਲਾਂ ਹੀ ਸਵੀਪ (ਸਿਸਟੇਮੈਟਿਕ ਵੋਟਰਜ਼ ਐਜੂਕੇਸ਼ਨ ਅਤੇ ਇਲੈਕਟੋਰਲ ਪਾਰਟੀਸੀਪੇਸ਼ਨ) ਗਤੀਵਿਧੀਆਂ ਤਹਿਤ ਚੋਣ ਜਾਗਰੂਕਤਾ ਸਬੰਧੀ ਵਿਸ਼ੇਸ਼ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਇਸ ਪਹਿਲਕਦਮੀ ਦਾ ਮਕਸਦ ਵੀ 'ਇਸ ਵਾਰ 70 ਪਾਰ' ਦੇ ਟੀਚੇ ਨੂੰ ਹਾਸਲ ਕਰਨਾ ਤੇ ਵੋਟਿੰਗ ਪ੍ਰਕਿਰਿਆ ਦੌਰਾਨ ਵੋਟਰਾਂ ਦੇ ਸਮੁੱਚੇ ਤਜ਼ਰਬੇ ਨੂੰ ਅਨੰਦਦਾਇਕ ਅਤੇ ਤਸੱਲੀਬਖਸ਼ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਕਾਰਡ ਵਿਚ ਇਕ ਕਿਊ ਆਰ ਕੋਡ ਵੀ ਦਿੱਤਾ ਗਿਆ ਹੈ ਜਿਸ ਨੂੰ ਸਕੈਨ ਕਰਕੇ ਵੋਟਰ ਆਪਣੇ ਪੋਲਿੰਗ ਬੂਥ ਬਾਬਤ ਵੀ ਜਾਣਕਾਰੀ ਹਾਸਲ ਕਰ ਸਕਦੇ ਹਨ। ਸਿਬਿਨ ਸੀ ਨੇ ਦੱਸਿਆ ਕਿ ਵੋਟਿੰਗ ਵਾਲੇ ਦਿਨ ਹਰੇਕ ਬੂਥ ਉੱਤੇ ਵੋਟਰਾਂ ਦੀ ਸਹੂਲਤ ਲਈ ਢੁੱਕਵੇਂ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ, ਜਿਸ ਵਿੱਚ ਪੀਣ ਵਾਲਾ ਪਾਣੀ, ਵੇਟਿੰਗ ਏਰੀਆ, ਪੁਰਸ਼ਾਂ ਅਤੇ ਮਹਿਲਾਵਾਂ ਲਈ ਸਾਫ਼-ਸੁਥਰੇ ਪਖਾਨੇ ਅਤੇ ਸ਼ੈੱਡ ਆਦਿ ਸ਼ਾਮਲ ਹਨ। ਮੁੱਖ ਚੋਣ ਅਧਿਕਾਰੀ ਨੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ-ਚੜ੍ਹ ਕੇ ਲੋਕ ਸਭਾ ਚੋਣਾਂ-2024 ਵਿੱਚ ਹਿੱਸਾ ਲੈਣ ਅਤੇ ਆਪਣੀ ਵੋਟ ਦਾ ਸਹੀ ਇਸਤਮਾਲ ਕਰਕੇ ਲੋਕਤੰਤਰ ਨੂੰ ਹੋਰ ਮਜ਼ਬੂਤ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ।

## ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਰੇਟਾ ਵਿਖੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਤੇ ਮਹੱਤਤਾ ਤੋਂ ਕਰਵਾਇਆ ਜਾਣੂ

ਬਰੇਟਾ
ਸਾਂਝੀ ਸੋਚ ਬਿਊਰੋ




ਜ਼ਿਲ੍ਹਾ ਚੋਣ ਅਫ਼ਸਰ ਪਰਮਵੀਰ ਸਿੰਘ ਦੀਆਂ ਹਦਾਇਤਾਂ 'ਤੇ ਐਸ.ਡੀ.ਐਮ. ਬੁਢਲਾਡਾ ਗਗਨਦੀਪ ਸਿੰਘ ਦੀ ਅਗਵਾਈ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਰੇਟਾ ਵਿਖੇ ਵੋਟਰ ਜਾਗਰੂਕਤਾ ਮੁਹਿੰਮ ਸਵੀਪ ਤਹਿਤ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਗਈਆਂ। ਸਵੀਪ ਨੋਡਲ ਅਫ਼ਸਰ, ਪ੍ਰਦੀਪ ਸਿੰਘ, ਸਵੀਪ ਆਈਕਨ ਊਧਮ ਸਿੰਘ ਅਤੇ ਚੰਦਰਕਾਂਤ ਨੇ ਵਿਦਿਆਰਥੀਆਂ ਨੂੰ ਵੋਟ ਦੇ ਅਧਿਕਾਰ ਅਤੇ ਮਹੱਤਤਾ ਤੋਂ ਜਾਣੂ ਕਰਵਾਇਆ। ਉਨ੍ਹਾਂ ਵਿਦਿਆਰਥੀਆਂ ਨੂੰ ਲੋਕਤੰਤਰ ਵਿੱਚ ਅਪਣੀ ਭਾਗੀਦਾਰੀ ਵਧਾਉਣ ਲਈ ਪ੍ਰੇਰਿਤ ਕੀਤਾ ਤਾਂ ਜੋ ਲੋਕ ਸਭਾ ਚੋਣਾਂ ਦੌਰਾਨ ਚੋਣ ਕਮਿਸ਼ਨ ਦੇ ਨਾਅਰੇ 'ਇਸ ਵਾਰ 70 ਪਾਰ' ਰਾਹੀਂ ਮਤਦਾਨ ਦੇ ਟੀਚੇ ਨੂੰ ਪੂਰਾ ਕਰਨ ਲਈ ਹਰ ਇਕ ਵੋਟਰ ਨੂੰ ਜਾਗਰੂਕ ਕੀਤਾ ਜਾ ਸਕੇ। ਸਵੀਪ ਗਤੀਵਿਧੀਆਂ ਵਿਚ ਮੋਨਿਕਾ ਰਾਣੀ, ਪੂਨਮ ਅਗਰਵਾਲ, ਭੁਪਿੰਦਰ ਕੌਰ, ਸਕੂਲ ਸਟਾਫ ਅਤੇ ਅਮਰਨਾਥ ਨੇ ਭਾਗ ਲਿਆ। ਇਸ ਮੌਕੇ ਕਰਵਾਏ ਵਿਦਿਆਰਥੀਆਂ ਦੇ ਜਾਗਰੂਕਤਾ ਮੁਕਾਬਲਿਆਂ ਵਿਚ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ।

## ਸਰਕਾਰੀ ਸੈਕੰਡਰੀ ਸਕੂਲ ਅਜਾਇਬਵਾਲੀ ਦੀ ਪ੍ਰਿੰਸੀਪਲ ਸਨਮਨਿਤ



ਅੰਮ੍ਰਿਤਸਰ
ਸਾਂਝੀ ਸੋਚ ਬਿਊਰੋ

ਸਥਾਨਕ ਕਸਬੇ ਦੇ ਨੇੜੇ ਪੈਂਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਾਇਬਵਾਲੀ ਵਿਖੇ ਇਕ ਸੰਖੇਪ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਵਿਚ ਸਕੂਲ ਦੇ ਪ੍ਰਿੰਸੀਪਲ ਮੈਡਮ ਰੇਖਾ ਮਹਾਜਨ ਵਲੋਂ ਆਪਣੇ ਮਹਿਜ 7 ਮਹੀਨਿਆਂ ਦੇ ਕਾਰਜਕਾਲ ਦੌਰਾਨ ਸਕੂਲ ਦੇ ਕਰਵਾਏ ਗਏ ਬਹੁ ਪੱਖੀ ਵਿਕਾਸ ਕਾਰਜਾਂ ਨੂੰ ਵੇਖਦੇ ਹੋਏ ਪਿੰਡ ਅਜਾਇਬਵਾਲੀ ਦੇ ਸਾਬਕਾ ਸਰਪੰਚ ਸਵਿੰਦਰ ਸਿੰਘ ,ਨੰਬਰਦਾਰ ਅਜੀਤ ਸਿੰਘ ਅਤੇ ਹੋਰ ਪਤਵੰਤੇ ਸੱਜਣਾਂ ਵਲੋਂ ਪ੍ਰਿੰਸੀਪਲ ਰੇਖਾ ਮਹਾਜਨ ਨੂੰ ਸਿਰੋਪਾਓ ਅਤੇ ਸ਼੍ਰੀ ਦਰਬਾਰ ਸਾਹਿਬ ਦੀ ਇਕ ਯਾਦਗਾਰੀ ਤਸਵੀਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਸਾਬਕਾ ਸਰਪੰਚ ਸਵਿੰਦਰ ਸਿੰਘ ਨੇ ਕਿਹਾ ਕਿ ਪ੍ਰਿੰਸੀਪਲ ਮੈਡਮ ਰੇਖਾ ਮਹਾਜਨ ਇਕ ਇਮਾਨਦਾਰ , ਨੇਕ ਨੀਅਤ ਅਤੇ ਮਿਹਨਤੀ ਸ਼ਖ਼ਸੀਅਤ ਹਨ ਜਿਨਾ ਵਲੋਂ ਸਕੂਲ ਚ ਅਨੁਸ਼ਾਸਨ ਕਾਇਮ ਰੱਖਣ ਦੇ ਨਾਲ ਨਾਲ ਸਕੂਲ ਦੀ ਬਿਹਤਰੀ ਲਈ ਕਈ ਕੰਮ ਕਰਵਾਏ ਹਨ ਅਤੇ ਜਿਨਾ ਨੇ ਬੱਚਿਆਂ ਦੀ ਪੜ੍ਹਾਈ ਅਤੇ ਓਹਨਾਂ ਨੂੰ ਮਿਲਦੀਆਂ ਸਹੂਲਤਾਂ ਨੂੰ ਦੇਣ ਲਈ ਹਮੇਸ਼ਾ ਪਹਿਲਕਦਮੀ ਕੀਤੀ ਹੈ । ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਮੈਡਮ ਰੇਖਾ ਮਹਾਜਨ ਵਲੋਂ ਪਿੰਡ ਦੇ ਸਮੂਹ ਪਤਵੰਤੇ ਸੱਜਣਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ।

ਇਸ ਮੌਕੇ ਤੇ ਮੱਖਣ ਸਿੰਘ,ਸੇਵਾ ਮੁਕਤ ਲੈਕਚਰਾਰ ਸੁਖਦੇਵ ਸਿੰਘ, ਚੰਨਪ੍ਰੀਤ ਸਿੰਘ, ਦਰਸ਼ਨ ਸਿੰਘ ਕਲਰਕ, ਗੁਰਮੇਲ ਸਿੰਘ ਹੀਰਾ ਸਿੰਘ, ਸੁਖਵਿੰਦਰ ਸਿੰਘ ਨਿਰਮਲ ਸਿੰਘ, ਗਗਨਦੀਪ ਸਿੰਘ ਹਿੰਮਤ ਸਿੰਘ, ਨਿੰਦਰ ਸਿੰਘ, ਜਸਪਾਲ ਸਿੰਘ, ਸੁਖਵਿੰਦਰ ਸਿੰਘ ਦੀਪਿੰਦਰ ਸਿੰਘ, ਜਸਪਾਲ ਸਿੰਘ ਲਖਵਿੰਦਰ ਸਿੰਘ, ਰਣਯੋਧ ਮੱਲ੍ਹੀ ਆਦਿ ਵਿਸ਼ੇਸ਼ ਤੌਰ ਤੇ ਹਾਜਰ ਸਨ।

## ਪੰਜਾਬ ਸਕੂਲ ਸਿੱਖਿਆ ਬੋਰਡ ਨੇ 8ਵੀਂ ਅਤੇ 12ਵੀਂ ਜਮਾਤ ਦੇ ਨਤੀਜੇ ਐਲਾਨੇ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ




ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੰਗਲਵਾਰ ਨੂੰ 8ਵੀਂ ਅਤੇ 12ਵੀਂ ਜਮਾਤ ਦੇ ਨਤੀਜੇ ਐਲਾਨੇ ਗਏ। ਨਤੀਜੇ ਐਲਾਨੇ ਜਾਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਸਮੂਹ ਅਧਿਆਪਕਾਂ, ਮਾਪਿਆਂ ਅਤੇ ਬੱਚਿਆਂ ਨੂੰ ਵਧਾਈ ਦਿੱਤੀ। ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ (ਐਕਸ) ਕਰਕੇ ਦੱਸਿਆ ਕਿ 8ਵੀਂ ਜਮਾਤ ਦੇ ਨਤੀਜਿਆਂ ਵਿੱਚ ਬਠਿੰਡਾ ਜ਼ਿਲ੍ਹੇ ਦੀ ਹਰਨੂਰਪ੍ਰੀਤ ਕੌਰ ਨੇ ਪਹਿਲਾ, ਸ੍ਰੀ ਅੰਮ੍ਰਿਤਸਰ ਸਾਹਿਬ ਦੀ ਗੁਰਲੀਨ ਕੌਰ ਨੇ ਦੂਜਾ ਅਤੇ ਸੰਗਰੂਰ ਦੇ ਅਰਮਾਨਦੀਪ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ ਹੈ।12ਵੀਂ ਜਮਾਤ ਦੇ ਨਤੀਜਿਆਂ ਵਿੱਚ ਲੁਧਿਆਣਾ ਦੇ ਏਕਮਪ੍ਰੀਤ ਨੇ ਪਹਿਲਾ, ਸ੍ਰੀ ਮੁਕਤਸਰ ਸਾਹਿਬ ਦੇ ਰਵੀ ਉਦੈ ਸਿੰਘ ਨੇ ਦੂਜਾ ਅਤੇ ਬਠਿੰਡਾ ਦੇ ਅਸ਼ਵਨੀ ਨੇ ਤੀਜਾ ਸਥਾਨ ਹਾਸਲ ਕੀਤਾ ਹੈ।

ਸਾਰੇ ਅਧਿਆਪਕਾਂ, ਮਾਪਿਆਂ ਅਤੇ ਬੱਚਿਆਂ ਨੂੰ ਮੇਰੀਆਂ ਵਧਾਈਆਂ ਅਤੇ ਸ਼ੁੱਭਕਾਮਨਾਵਾਂ।

Space available for Ad
Contact # +1 (209) 303-1260

## ਦੱਖਣੀ ਕੈਰੋਲੀਨਾ 'ਚ ਇਕ ਕਾਰ ਸੜਕ ਹਾਦਸੇ 'ਚ 3 ਗੁਜਰਾਤੀ ਭੈਣਾਂ ਦੀ ਮੌਤ

ਕੈਰੋਲੀਨਾ
ਸਾਂਝੀ ਸੋਚ ਬਿਊਰੋ

ਅਮਰੀਕਾ ਵਿਚ 26 ਅਪ੍ਰੈਲ ਨੂੰ ਵਾਪਰੇ ਇਕ ਕਾਰ ਸੜਕ ਹਾਦਸੇ 'ਚ ਤਿੰਨ ਗੁਜਰਾਤੀ ਮੂਲ ਦੀਆਂ 3 ਭੈਣਾਂ ਦੀ ਮੌਤ ਹੋ ਗਈ। ਭਾਰਤ ਤੋਂ ਗੁਜਰਾਤ ਸੂਬੇ ਦੇ ਆਨੰਦ ਜ਼ਿਲ੍ਹੇ ਨਾਲ ਸੰਬੰਧ ਰੱਖਣ ਵਾਲੀਆਂ ਤਿੰਨ ਭੈਣਾਂ ਦੀ ਸ਼ਨਾਖਤ ਰੇਖਾ ਪਟੇਲ ਸੰਗੀਤਾ ਪਟੇਲ ਅਤੇ ਮਨੀਸ਼ਾ ਪਟੇਲ ਵਜੋਂ ਹੋਈ। ਸਾਊਥ ਕੈਰੋਲੀਨਾ ਦੇ ਗ੍ਰੀਨਵਿਲੇ ਕਾਉਂਟੀ 'ਚ ਵਾਪਰੇ ਇਸ ਕਾਰ ਹਾਦਸੇ ਦੌਰਾਨ ਉਨ੍ਹਾਂ ਦੀ ਐੱਸ.ਯੂ.ਵੀ. ਸੜਕ ਤੋਂ ਹੇਠਾਂ ਚਲੀ ਗਈ ਅਤੇ ਇੱਕ ਪੁਲ ਨਾਲ ਜਾ ਟਕਰਾਈ। ਗ੍ਰੀਨਵਿਲੇ ਕਾਉਂਟੀ ਕੋਰੋਨਰ ਦੇ ਦਫਤਰ ਅਨੁਸਾਰ, ਐੱਸ.ਯੂ.ਵੀ. ਸੜਕ ਤੋਂ ਚੱਲਦੀ-ਚੱਲਦੀ ਇੱਕ ਖਾਈ ਵਿਚ ਡਿੱਗ ਪਈ। ਕਾਰ ਪੁਲ ਅਤੇ ਦਰੱਖਤਾਂ ਦੇ ਨਾਲ ਟਕਰਾਉਣ ਤੋਂ ਪਹਿਲਾਂ ਹਵਾ ਵਿਚ 20 ਫੁੱਟ ਉੱਚੀ ਉਛਲ ਗਈ, ਜਦੋਂ ਇਹ ਹਾਈਵੇਅ 'ਤੇ ਉੱਤਰ ਵੱਲ ਨੂੰ ਜਾ ਰਹੀ ਸੀ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਦੇ ਚਿੱਥੜੇ ਉੱਡ ਗਏ ਅਤੇ ਇਹ ਤਿੰਨੇ ਭੈਣਾਂ ਮੌਕੇ 'ਤੇ ਹੀ ਮਾਰੀਆਂ ਗਈਆਂ। ਚੀਫ ਡਿਪਟੀ ਕੋਰੋਨਰ ਮਾਈਕ ਐਲਿਸ ਅਨੁਸਾਰ, ਕਾਰ ਸਪੀਡ ਸੀਮਾ ਤੋਂ ਬਹੁਤ ਜ਼ਿਆਦਾ ਤੇਜ਼ ਜਾ ਰਹੀ ਸੀ। ਉਸ ਅਨੁਸਾਰ, ਹਾਦਸੇ ਵਿਚ ਕੋਈ ਹੋਰ ਵਾਹਨ ਸ਼ਾਮਲ ਨਹੀਂ ਸੀ। ਕਈ ਗ੍ਰੀਨਵਿਲੇ ਕਾਉਂਟੀ ਈ.ਐੱਮ.ਐੱਸ. ਯੂਨਿਟਾਂ, ਗੈਂਟ ਫਾਇਰ ਐਂਡ ਰੈਸਕਿਊ ਅਤੇ ਸਾਊਥ ਕੈਰੋਲੀਨਾ ਹਾਈਵੇ ਪੈਟਰੋਲ ਦੇ ਜਵਾਬਕਰਤਾਵਾਂ ਨੇ ਇਹ ਸਭ ਕੁਝ ਬਹੁਤ ਤੇਜ਼ੀ ਨਾਲ ਜਾਂਦਾ ਦਿਖਾਇਆ। ਦੁਖਦਾਈ ਤੌਰ 'ਤੇ, ਇਕਲੌਤਾ ਵਿਅਕਤੀ ਜੋ ਹਾਦਸੇ ਤੋਂ ਬਚਣ ਵਿਚ ਕਾਮਯਾਬ ਰਿਹਾ, ਸਪੱਸ਼ਟ ਤੌਰ 'ਤੇ ਜ਼ਖਮੀ ਹੋ ਗਿਆ ਅਤੇ ਉਸ ਨੂੰ ਹਸਪਤਾਲ ਭੇਜਿਆ ਗਿਆ। ਕਾਰ ਦੇ ਸੈਂਸਿੰਗ ਸਿਸਟਮ ਨੇ ਆਪਣੇ ਅਜ਼ੀਜ਼ਾਂ ਨੂੰ ਹਾਦਸੇ ਬਾਰੇ ਸੂਚਿਤ ਕੀਤਾ, ਜਿਨ੍ਹਾਂ ਨੇ ਫਿਰ ਦੱਖਣੀ ਕੈਰੋਲੀਨਾ ਦੇ ਅਧਿਕਾਰੀਆਂ ਹਾਦਸੇ ਹੋਣ ਬਾਰੇ ਉਨ੍ਹਾਂ ਨਾਲ ਸੰਪਰਕ ਕੀਤਾ।

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600
With Installation
Singh: 510-766-9382

**JK JETSTEEL JDH**

SPECIAL OFFER !!




DRIVE TIRE
11R22.5-
With Installation
Singh: 510-766-9382

**Firestone FS591**

STEER TIRE
295/75R22.5
With Installation
Singh: 510-766-9382

SPECIAL OFFER !!



11R22.5
With Installation
Singh: 510-766-9382

**Sizes available in drive & trailer**

295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!




TRAILER TIRE
11R22.5-
11R24.5-
With Installation
Singh: 510-766-9382

**JETWAY JTH SD**

SPECIAL OFFER !!




TRAILER TIRE
295/75R22.5-
With Installation
Singh: 510-766-9382

**JK JETSTEEL JDL2**

SPECIAL OFFER !!




DRIVE TIRE
11R22.5-
11R24.5-
295/75R22.5-
With Installation
Singh: 510-766-9382



FALKEN TIRES · GOODYEAR · KELLY TIRES · BARKLEY Feel the difference · PIRELLI
MICHELIN A better way forward · BRIDGESTONE · Firestone · YOKOHAMA
PEARLY · NAMA · TOYO TIRES driven to perform · Continental · DUNLOP TIRES

## S. Singh Cell: (510) 766-9382

2955 N. Wilson Way Stockton , CA 95205

# ਸੂਬੇ ਵਿੱਚ ਹੁਣ ਤੱਕ 100 ਲੱਖ ਮੀਟਰਿਕ ਟਨ ਤੋਂ ਵੱਧ ਕਣਕ ਦੀ ਆਮਦ, 95 ਫੀਸਦੀ ਫਸਲ ਖਰੀਦੀ -ਅਨੁਰਾਗ ਵਰਮਾ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪੰਜਾਬ ਦੇ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਕਿਹਾ ਕਿ ਪੰਜਾਬ ਵਿੱਚ ਕਣਕ ਦੀ ਨਿਰਵਿਘਨ ਖਰੀਦ ਸਦਕਾ ਹੁਣ ਤੱਕ ਮੰਡੀਆਂ ਵਿੱਚ ਪਹੁੰਚੀ 100.58 ਲੱਖ ਮੀਟਰਿਕ ਟਨ ਵਿੱਚੋਂ 95 ਫੀਸਦੀ ਤੋਂ ਵੱਧ ਫਸਲ ਖਰੀਦੀ ਜਾ ਚੁੱਕੀ ਹੈ। ਇਸ ਦੇ ਨਾਲ ਹੀ ਫਸਲ ਵੇਚ ਚੁੱਕੇ ਸਾਰੇ ਕਿਸਾਨਾਂ ਨੂੰ 100 ਫੀਸਦੀ ਦਾ ਭੁਗਤਾਨ ਕੀਤਾ ਜਾ ਚੁੱਕਾ ਹੈ ਜਿਸ ਤਹਿਤ 17340.40 ਕਰੋੜ ਰੁਪਏ ਖਾਤਿਆਂ ਵਿੱਚ ਅਦਾ ਕੀਤੇ ਜਾ ਚੁੱਕੇ ਹਨ। ਸੂਬੇ ਵਿੱਚ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲੈਣ ਲਈ ਅੱਜ ਇਥੇ ਖਰੀਦ ਏਜੰਸੀਆਂ ਦੇ ਉਚ ਅਧਿਕਾਰੀਆਂ ਅਤੇ ਸਮੂਹ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗ ਦੌਰਾਨ ਮੁੱਖ ਸਕੱਤਰ ਵਰਮਾ ਨੇ ਨਿਰਦੇਸ਼ ਦਿੱਤੇ ਕਿ ਇਸ ਗੱਲ ਨੂੰ ਹਰ ਹਾਲ ਵਿੱਚ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਕਿਸਾਨ ਨੂੰ ਆਪਣੀ ਫਸਲ ਮੰਡੀ ਵਿੱਚ ਵੇਚਣ ਲਈ ਕੋਈ ਪ੍ਰੇਸ਼ਾਨੀ ਨਾ ਆਵੇ ਅਥੇ ਖਾਸ ਕਰਕੇ ਬੇਮੌਸਮੇ ਮੀਂਹ ਨਾਲ ਪੈਦਾ ਹੋਈ ਸਥਿਤੀ ਨਾਲ ਨਿਪਟਣ ਲਈ ਢੁੱਕਵੇਂ ਤੇ ਸੁਚੱਜੇ ਪ੍ਰਬੰਧ ਕਰਨ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨਾਲ ਲਈ ਲੋੜੀਂਦੀਆਂ ਸਹੂਲਤਾਂ ਦੀ



ਵਿਵਸਥਾ ਕੀਤੀ ਗਈ ਹੈ ਤਾਂ ਕਿ ਨਿਰਵਿਘਨ ਖਰੀਦ ਨੂੰ ਯਕੀਨੀ ਬਣਾਇਆ ਜਾਵੇ। ਵਰਮਾ ਨੇ ਅੱਗੇ ਦੱਸਿਆ ਕਿ ਇ ਪੰਜਾਬ ਦੀਆਂ ਮੰਡੀਆਂ ਵਿੱਚ ਹੁਣ ਤੱਕ 100.58 ਲੱਖ ਮੀਟਰਿਕ ਟਨ ਕਣਕ ਦੀ ਆਮਦ ਹੋ ਚੁੱਕੀ ਹੈ ਜਿਸ ਵਿੱਚੋਂ 95.83 ਲੱਖ ਮੀਟਰਿਕ ਟਨ ਦੀ ਖਰੀਦੀ ਹੋ ਚੁੱਕੀ ਹੈ ਜੋ ਕਿ 95 ਫੀਸਦੀ ਤੋਂ ਵੱਧ ਬਣਦੀ ਹੈ। ਦੱਸਣਯੋਗ ਹੈ ਕਿ ਇਸ ਸਾਲ 132 ਲੱਖ ਮੀਟਰਿਕ ਟਨ ਕਣਕ ਮੰਡੀਆਂ ਵਿੱਚ ਪਹੁੰਚਣ ਦਾ ਅਨੁਮਾਨ ਭਾਵ 75 ਫੀਸਦੀ ਫਸਲ ਦੀ ਆਮਦ ਹੋ ਚੁੱਕੀ ਹੈ। ਸ੍ਰੀ ਵਰਮਾ ਨੇ ਕਿਹਾ ਕਿ 48 ਘੰਟਿਆਂ ਦੇ ਅੰਦਰ ਕਣਕ ਖਰੀਦ ਦਾ ਭੁਗਤਾਨ ਕਰਨ ਦੇ ਨਿਯਮਾਂ ਤਹਿਤ ਹੁਣ ਤੱਕ 100 ਫੀਸਦੀ ਭੁਗਤਾਨ ਕਰ ਦਿੱਤਾ ਗਿਆ ਹੈ ਅਤੇ 17340.40 ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿੱਚ ਅਦਾ ਕੀਤੇ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਲਿਫਟਿੰਗ ਲਈ ਅੱਜ 27 ਸਪੈਸ਼ਲ ਰੇਲਾਂ ਲੱਗੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਕਣਕ ਦਾ ਇਕ-ਇਕ ਦਾਣਾ ਖਰੀਦਣ ਲਈ ਵਚਨਬੱਧ ਹੈ।

ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਖੁਰਾਕ ਤੇ ਸਿਵਲ ਸਪਲਾਈ ਵਿਕਾਸ ਗਰਗ, ਪੰਜਾਬ ਵੇਅਰ ਹਾਊਸ ਦੇ ਐਮ.ਡੀ. ਕੰਵਲਪ੍ਰੀਤ ਕੌਰ ਬਰਾੜ, ਪਨਸਪ ਦੇ ਐਮ.ਡੀ. ਸੋਨਾਲੀ ਗਿਰਿ, ਡਾਇਰੈਕਟਰ ਖੁਰਾਕ ਤੇ ਸਿਵਲ ਸਪਲਾਈ ਪੁਨੀਤ ਗੋਇਲ, ਪੰਜਾਬ ਮੰਡੀਕਰਨ ਬੋਰਡ ਦੇ ਸਕੱਤਰ ਅੰਮ੍ਰਿਤ ਕੌਰ ਗਿੱਲ, ਐਫ.ਸੀ.ਆਈ. ਦੇ ਜਨਰਲ ਮੈਨੇਜਰ ਬੀ.ਐਨ ਸ੍ਰੀਨਿਵਾਸਨ ਤੇ ਮਾਰਕਫੈਡ ਦੇ ਏ.ਐਮ.ਡੀ. ਸੰਦੀਪ ਸਿੰਘ ਗੜ੍ਹਾ ਅਤੇ ਵੀਡਿਓ ਕਾਨਫਰੰਸਿੰਗ ਰਾਹੀਂ ਸਮੂਹ ਡਿਪਟੀ ਕਮਿਸ਼ਨਰ ਹਾਜ਼ਰ ਸਨ।

# ਮੁੱਖ ਮੰਤਰੀ ਭਗਵੰਤ ਮਾਨ ਨੇ ਜੇਲ੍ਹ ਵਿੱਚ ਅਰਵਿੰਦ ਕੇਜਰੀਵਾਲ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਨੂੰ 'ਆਪ' ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਤਿਹਾੜ ਜੇਲ੍ਹ ਵਿੱਚ ਮੁਲਾਕਾਤ ਕੀਤੀ।

ਮੀਟਿੰਗ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਜਰੀਵਾਲ ਜੀ ਨੇ ਮੈਨੂੰ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਾਰੀਆਂ ਸਹੂਲਤਾਂ ਬਾਰੇ ਪੁੱਛਿਆ ਅਤੇ ਪੁੱਛਿਆ ਕਿ ਸਾਨੂੰ ਚੋਣ ਜ਼ਾਬਤੇ ਕਾਰਨ ਜਾਂ ਕੇਂਦਰ ਸਰਕਾਰ ਦੇ ਦਬਾਅ ਕਾਰਨ ਕੋਈ ਸਮੱਸਿਆ ਤਾਂ ਨਹੀਂ ਆ ਰਹੀ ਹੈ। ਮੈਂ ਉਨ੍ਹਾਂ ਨੂੰ ਦੱਸਿਆ ਕਿ ਸਭ ਕੁਝ ਸੁਚਾਰੂ ਅਤੇ ਵਧੀਆ ਢੰਗ ਨਾਲ ਚੱਲ ਰਿਹਾ ਹੈ। ਅਸੀਂ ਆਪਣੇ ਹਿੱਸੇ ਦੀ 130 ਲੱਖ ਮੀਟ੍ਰਿਕ ਟਨ ਕਣਕ ਕੇਂਦਰ ਨੂੰ ਦੇਣ ਲਈ ਤਿਆਰ ਹਾਂ। ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਕੀਤੀ ਜਾ ਰਹੀ ਹੈ।

ਭਗਵੰਤ ਮਾਨ ਨੇ ਅੱਗੇ ਕਿਹਾ ਕਿ ਉਨ੍ਹਾਂ ਨੇ ਅਰਵਿੰਦ ਕੇਜਰੀਵਾਲ ਨੂੰ ਆਪਣੇ ਗੁਜਰਾਤ ਅਤੇ ਅਸਾਮ ਦੇ ਦੌਰਿਆਂ ਅਤੇ ਪੰਜਾਬ ਵਿੱਚ ਉਨ੍ਹਾਂ ਦੇ ਚੋਣ ਪ੍ਰਚਾਰ ਬਾਰੇ ਜਾਣੂ ਕਰਵਾਇਆ। ਮੈਂ ਉਨ੍ਹਾਂ ਨੂੰ ਦੱਸਿਆ ਕਿ ਸਾਨੂੰ (ਆਪ) ਨੂੰ ਹਰ ਥਾਂ ਤੋਂ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਲੋਕ ਜਾਣਦੇ ਹਨ ਕਿ ਅਰਵਿੰਦ ਕੇਜਰੀਵਾਲ ਨੂੰ ਗਲਤ ਤਰੀਕੇ ਨਾਲ ਸਲਾਖਾਂ ਪਿੱਛੇ ਡੱਕਿਆ



ਗਿਆ ਹੈ। ਲੋਕ ਤਾਨਾਸ਼ਾਹੀ ਦੇ ਖ਼ਿਲਾਫ਼ ਵੋਟ ਪਾਉਣ ਲਈ ਤਿਆਰ ਹਨ। ਮਾਨ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਸਿਹਤ ਬਿਹਤਰ ਹੈ, ਉਹ ਨਿਯਮਤ ਇਨਸੁਲਿਨ ਅਤੇ ਮੈਡੀਕਲ ਜਾਂਚ ਕਰਵਾ ਰਹੇ ਹਨ।

ਮਾਨ ਨੇ ਅਰਵਿੰਦ ਕੇਜਰੀਵਾਲ ਦਾ ਸੰਦੇਸ਼ ਵੀ ਸਾਂਝਾ ਕੀਤਾ ਅਤੇ ਕਿਹਾ ਕਿ ਕੇਜਰੀਵਾਲ ਜੀ ਚਾਹੁੰਦੇ ਹਨ ਕਿ ਤੁਸੀਂ (ਲੋਕ) ਉਨ੍ਹਾਂ ਦੀ ਚਿੰਤਾ ਨਾ ਕਰੋ, ਉਹ ਠੀਕ ਹਨ। ਉਹ ਲੋਕਾਂ ਦੇ ਹੱਕਾਂ ਲਈ ਅਤੇ ਸਾਡੇ ਲੋਕਤੰਤਰ ਨੂੰ ਬਚਾਉਣ ਲਈ ਲੜਦੇ ਰਹਿਣਗੇ। ਉਨ੍ਹਾਂ ਲੋਕਾਂ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਕਿ ਸਾਡੇ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਲਈ ਵੋਟ ਕਰੋ। ਤਾਨਾਸ਼ਾਹੀ ਦੇ ਖ਼ਿਲਾਫ਼ ਵੋਟ ਕਰੋ। ਨਫ਼ਰਤ ਦੀ ਰਾਜਨੀਤੀ ਨੂੰ ਜਿੱਤਣ ਨਾ ਦਿਓ, ਕੰਮ ਦੀ ਰਾਜਨੀਤੀ ਨੂੰ ਚੁਣੋ।

ਜ਼ਿਕਰਯੋਗ ਹੈ ਕਿ ਭਗਵੰਤ ਮਾਨ ਪਹਿਲਾਂ ਵੀ ਅਰਵਿੰਦ ਕੇਜਰੀਵਾਲ ਨੂੰ ਜੇਲ੍ਹ ਵਿੱਚ ਮਿਲ ਕੇ ਆਏ ਸਨ, ਉਨ੍ਹਾਂ ਨੇ ਕੇਜਰੀਵਾਲ ਨਾਲ ਜੇਲ੍ਹ ਵਿੱਚ ਹੋ ਰਹੇ ਵਿਵਹਾਰ ਦੇ ਖ਼ਿਲਾਫ਼ ਇਤਰਾਜ਼ ਜਤਾਇਆ ਸੀ। ਭਗਵੰਤ ਮਾਨ ਨੇ ਕਿਹਾ ਕਿ ਇਸ ਵਾਰ ਕੇਜਰੀਵਾਲ ਜੀ ਦੀ ਸਿਹਤ ਠੀਕ ਹੈ, ਕਿਉਂਕਿ ਹੁਣ ਉਨ੍ਹਾਂ ਨੂੰ ਇੰਸੁਲਿਨ ਲੱਗ ਰਹੀ ਹੈ, ਪਰ ਮੀਟਿੰਗ ਪਿਛਲੀ ਵਾਰ ਦੀ ਤਰ੍ਹਾਂ ਹੀ ਕਰਵਾਈ ਗਈ। ਉਨ੍ਹਾਂ ਨੇ ਮੈਨੂੰ ( ਭਗਵੰਤ ਮਾਨ) ਸ਼ੀਸ਼ੇ ਦੇ ਦੂਜੇ ਪਾਸੇ ਬੈਠਣ ਲਈ ਕਿਹਾ ਗਿਆ ਅਤੇ ਮੇਰੇ (ਮਾਨ) ਨਾਲ ਕੇਜਰੀਵਾਲ ਜੀ ਨੇ ਇੰਟਰਕਾਮ ਫ਼ੋਨ ਰਾਹੀਂ ਗੱਲ ਕੀਤੀ।

ਭਗਵੰਤ ਮਾਨ ਨੇ ਕਿਹਾ ਕਿ ਉਹ ਸੋਚਦੇ ਹਨ ਕਿ ਉਹ (ਭਾਜਪਾ) ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰ ਸਕਦੇ ਹਨ, ਉਨ੍ਹਾਂ ਦੇ ਜਜ਼ਬੇ ਨੂੰ ਤੋੜ ਸਕਦੇ ਹਨ ਅਤੇ ਆਮ ਆਦਮੀ ਪਾਰਟੀ ਨੂੰ ਰੋਕ ਸਕਦੇ ਹਨ, ਪਰੰਤੂ ਉਹ ਗਲਤ ਹਨ, ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਇਸ ਔਖੇ ਸਮੇਂ ਵਿੱਚ ਪੂਰੀ ਹਿੰਮਤ ਨਾਲ ਅੱਗੇ ਵਧਣਗੇ ਅਤੇ ਹੋਰ ਮਜ਼ਬੂਤ ਹੋਣਗੇ।

# ਐੱਮ.ਐੱਸ.ਐੱਮ ਕਾਨਵੈਂਟ ਸੀਨੀ.ਸੈਕੰ ਸਕੂਲ ਚੋਹਲਾ ਸਾਹਿਬ ਵਿਖੇ ਲਗਾਇਆ ਗਿਆ ਅੱਖਾਂ ਦਾ ਚੈੱਕਅੱਪ ਕੈਂਪ

ਤਰਨ ਤਾਰਨ
ਰਕੇਸ਼ ਨਈਅਰ

ਸਿੱਖਿਆ ਦੇ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾ ਰਹੀ ਇਲਾਕੇ ਦੀ ਨਾਮਵਰ ਮਹਾਨ ਵਿੱਦਿਅਕ ਸੰਸਥਾ ਐੱਮ.ਐੱਸ.ਐੱਮ.ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ,ਚੋਹਲਾ ਸਾਹਿਬ ਵਿਖੇ ਮੰਗਲਵਾਰ ਨੂੰ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਬੱਚਿਆਂ ਦੀਆਂ ਅੱਖਾਂ ਦਾ ਚੈੱਕਅੱਪ ਕੈਂਪ ਲਗਾਇਆ ਗਿਆ।ਇਸ ਸਮੇਂ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਕਮ ਚੇਅਰਮੈਨ ਡਾਕਟਰ ਉਪਕਾਰ ਸਿੰਘ ਸੰਧੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅੱਜ ਉਹਨਾਂ ਦੇ ਸਕੂਲ ਵਿੱਚ ਡਾਕਟਰ ਜਤਿੰਦਰ ਸਿੰਘ ਗਿੱਲ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀਐਚਸੀ ਸਰਹਾਲੀ ਦੇ ਦਿਸ਼ਾ ਨਿਰਦੇਸ਼ਾਂ ਹੇਠ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ ਲਗਾਏ ਗਏ ਅੱਖਾਂ ਦੇ ਚੈਕਅੱਪ ਕੈਂਪ ਦੌਰਾਨ ਅਪਥਾਲਮਿਕ ਅਫਸਰ ਜਸਵਿੰਦਰ ਸਿੰਘ ਵੱਲੋਂ ਲਗਪਗ 400 ਵਿਦਿਆਰਥੀਆਂ ਦੀਆਂ ਅੱਖਾਂ ਦੀ ਨਜ਼ਰ ਚੈੱਕ ਕੀਤੀ ਗਈ ਅਤੇ ਕਮਜ਼ੋਰ ਨਜ਼ਰ ਵਾਲੇ ਬੱਚਿਆਂ ਨੂੰ ਐਨਕਾਂ ਲਗਾਉਣ ਅਤੇ ਚੰਗੀ ਖੁਰਾਕ ਖਾਣ ਦੀ ਸਲਾਹ ਦਿੱਤੀ ਗਈ।ਇਸ ਸਮੇਂ ਅਪਥਾਲਮਿਕ ਅਫਸਰ ਜਸਵਿੰਦਰ



ਸਿੰਘ ਨੇ ਬੱਚਿਆਂ ਨੂੰ ਦੱਸਿਆ ਕਿ ਉਹ ਆਪਣੀਆਂ ਅੱਖਾਂ ਨੂੰ ਧੂੜ-ਘੱਟੇ ਤੋਂ ਬਚਾਉਣ ਅਤੇ ਸਵੇਰ ਵੇਲੇ ਅੱਖਾਂ ਨੂੰ ਪਾਣੀ ਨਾਲ ਜ਼ਰੂਰ ਸਾਫ ਕਰਨ। ਜਦ ਵੀ ਅੱਖਾਂ ਵਿੱਚ ਜਲਨ,ਧੁੰਦਲਾਪਣ ਨਜ਼ਰ ਆਵੇ ਜਾਂ ਅੱਖਾਂ ਵਿੱਚੋਂ ਪਾਣੀ ਵਗੇ ਤਾਂ ਤੁਰੰਤ ਨਜ਼ਦੀਕੀ ਸਿਹਤ ਕੇਂਦਰ ਵਿੱਚ ਜਾਕੇ ਆਪਣੀਆਂ ਅੱਖਾਂ ਦਾ ਚੈੱਕਅੱਪ ਕਰਵਾਉਣ ਅਤੇ ਮਾਹਿਰ ਡਾਕਟਰ ਦੀ ਸਲਾਹ ਅਨੁਸਾਰ ਹੀ ਅੱਖਾਂ ਵਿੱਚ ਦਾਰੂ ਪਾਉਣ।ਇਸ ਸਮੇਂ ਡਾਕਟਰ ਵਿਵੇਕ ਸ਼ਰਮਾਂ ਅਤੇ ਕਵਲਪ੍ਰੀਤ ਕੌਰ ਸਟਾਫ ਨਰਸ ਨੇ ਸਾਂਝੇ ਰੂਪ ਵਿੱਚ ਬੱਚਿਆਂ ਨੂੰ ਕਿਹਾ ਕਿ ਅੱਜ ਕੱਲ੍ਹ ਕਣਕ ਦੀ ਵਾਢੀ ਦਾ ਸੀਜ਼ਨ ਹੋਣ ਕਰਕੇ ਵੀ ਕਾਫੀ ਧੂੜ-ਘੱਟਾ ਅਤੇ ਕੱਖ ਉੱਡ ਰਹੇ ਹਨ,ਇਸ ਲਈ ਆਪਣੀਆਂ ਅੱਖਾਂ ਨੂੰ ਘੱਟੇ-ਮਿੱਟੀ ਤੋਂ ਬਚਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਜਰੂਰਤ ਤੋਂ ਬਿਨਾਂ ਘਰੋਂ ਬਾਹਰ ਨਹੀਂ ਨਿਕਲਣਾ ਚਾਹੀਦਾ।ਜੇਕਰ ਫਿਰ ਵੀ ਘਰੋਂ ਬਾਹਰ ਜਾਣਾ ਹੈ ਤਾਂ ਅੱਖਾਂ 'ਤੇ ਚਸ਼ਮਾ ਲਗਾਕੇ ਅਤੇ ਸਿਰ ਢੱਕਕੇ ਬਾਹਰ ਜਾਓ।ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਰਕੇਸ਼ ਕੁਮਾਰ ਡੋਗਰਾ,ਸਟਾਫ ਨਰਸ ਅਮਨਦੀਪ ਕੌਰ,ਹਰਪਾਲ ਸਿੰਘ ਸਰਹਾਲੀ ਕਲਾਂ ਅਤੇ ਸਕੂਲ ਦਾ ਟੀਚਿੰਗ ਨਾਨ ਟੀਚਿੰਗ ਸਟਾਫ ਹਾਜਰ ਸੀ।


aap
AAM AADMI PARTY
VOTE & SUPPORT
ਆਪ
ਆਮ ਆਦਮੀ ਪਾਰਟੀ
ਆਮ ਆਦਮੀ ਪਾਰਟੀ
ਫਿਰੋਜ਼ਪੁਰ
ਜਗਦੀਪ ਸਿੰਘ ਕਾਕਾ ਬਰਾੜ
ਗੁਰਦਾਸਪੁਰ
ਅਮਨ ਸ਼ੇਰ ਕਲਸੀ (ਸ਼ੈਰੀ ਕਲਸੀ)
ਜਲੰਧਰ SC
ਪਵਨ ਕੁਮਾਰ ਟੀਨੂੰ
ਲੁਧਿਆਣਾ
ਅਸ਼ੋਕ ਪਰਾਸ਼ਰ ਪੱਪੀ
ਆਨੰਦਪੁਰ ਸਾਹਿਬ
ਮਾਲਵਿੰਦਰ ਸਿੰਘ ਕੰਗ
ਹੁਸ਼ਿਆਰਪੁਰ
ਡਾ.ਰਾਜਕੁਮਾਰ ਚੱਬੇਵਾਲ
ਅੰਮ੍ਰਿਤਸਰ
ਕੁਲਦੀਪ ਧਾਲੀਵਾਲ
ਖਡੂਰ ਸਾਹਿਬ
ਲਾਲਜੀਤ ਭੁੱਲਰ
ਫਤਿਹਗੜ੍ਹ ਸਾਹਿਬ
ਗੁਰਪ੍ਰੀਤ ਸਿੰਘ ਜੀ.ਪੀ.
ਫਰੀਦਕੋਟ
ਕਰਮਜੀਤ ਅਨਮੋਲ
ਬਠਿੰਡਾ
ਗੁਰਮੀਤ ਸਿੰਘ ਖੁੱਡੀਆਂ
ਸੰਗਰੂਰ
ਗੁਰਮੀਤ ਸਿੰਘ ਮੀਤ ਹੇਅਰ
ਪਟਿਆਲਾ
ਡਾ. ਬਲਬੀਰ ਸਿੰਘ
ਜਾਰੀ ਕਰਤਾ
GURDEEP GILL

# ਕੈਨੇਡਾ ਦੇ ਪ੍ਰਸਿੱਧ ਰੇਡੀਓ ਪੇਸ਼ਕਾਰ ਹਰਜਿੰਦਰ ਥਿੰਦ ਨੂੰ ਸ.ਜਗਦੇਵ ਸਿੰਘ ਜੱਸੋਵਾਲ ਯਾਦਗਾਰੀ ਪੁਰਸਕਾਰ ਪ੍ਰਦਾਨ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਪਿਛਲੇ 40 ਸਾਲ ਤੋਂ ਕੈਨੇਡਾ ਵਿੱਚ ਰੇਡੀਓ ਪ੍ਰਸਾਰਨ ਦੇ ਪ੍ਰਮੁੱਖ ਪੇਸ਼ਕਾਰ ਹਰਜਿੰਦਰ ਥਿੰਦ ਨੂੰ ਅੱਜ ਗੁਰਦੇਵ ਨਗਰ ਵਿਖੇ ਸ.ਜਗਦੇਵ ਸਿੰਘ ਜੱਸੋਵਾਲ ਦੇ ਜਨਮ ਦਿਨ ਸਮਾਰੋਹ ਮੌਕੇ ਸ.ਜਗਦੇਵ ਸਿੰਘ ਜੱਸੋਵਾਲ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨ ਪ੍ਰਦਾਨ ਕਰਨ ਦੀ ਰਸਮ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ, ਅਮਰਿੰਦਰ ਸਿੰਘ ਜੱਸੋਵਾਲ ਜਨਰਲ ਸਕੱਤਰ,ਸਰਪ੍ਰਸਤਾਂ ਸ. ਪਰਗਟ ਸਿੰਘ ਗਰੇਵਾਲ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਕ੍ਰਿਸ਼ਨ ਕੁਮਾਰ ਬਾਵਾ, ਪ੍ਰੋ. ਗੁਰਭਜਨ ਸਿੰਘ ਗਿੱਲ, ਰਘੁਬੀਰ ਸਿੰਘ ਘੁੰਨ(ਹਿਊਸਟਨ) ਅਮਰੀਕਾ, ਸੱਭਿਆਚਾਰਕ ਸੱਥ ਦੇ ਚੇਅਰਮੈਨ ਸ. ਜਸਮੇਰ ਸਿੰਘ ਢੱਟ ਤੇ ਜੋਗਿੰਦਰ ਸਿੰਘ ਜੰਗੀ ਸਮਾਜਕ ਆਗੂ ਨੇ ਨਿਭਾਈ। ਸ. ਹਰਜਿੰਦਰ ਸਿੰਘ ਥਿੰਦ ਬਾਰੇ ਜਾਣਕਾਰੀ ਦੇਂਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਹਰਜਿੰਦਰ ਸਾਡਾ ਸਮਕਾਲੀ ਵਿਦਿਆਰਥੀ ਹੈ ਅਤੇ ਅਸੀਂ ਸਾਰੇ ਇੱਕੋ ਸਮੇਂ ਗੌਰਮਿੰਟ ਕਾਲਿਜ ਵਿੱਚ ਪੜ੍ਹਦੇ ਰਹੇ ਹਾਂ। ਪੰਜਾਬੀ ਕਵੀ ਜਰਨੈਲ ਸਿੰਘ ਅਰਸ਼ੀ ਦੇ ਪਿੰਡ ਰਛੀਨ ਦਾ ਜੰਮਪਲ ਹਰਜਿੰਦਰ ਥਿੰਦ ਬਲਵੰਤ ਗਾਰਗੀ ਦੀ ਦਾ ਐੱਮ ਏ ਥੀਏਟਰ ਵਿੱਚ ਵਿਦਿਆਰਥੀ ਰਿਹਾ ਹੈ ਅਤੇ 1976 ਵਿੱਚ ਉਸ ਨੇ ਅੰਮ੍ਰਿਤਾ ਪ੍ਰੀਤਮ ਜੀ ਦੀ ਨਸ਼ਿਆਂ ਵਿਰੁੱਧ ਲਿਖੀ ਕਹਾਣੀ ਆਧਾਰਿਤ ਲਘੂ ਫਿਲਮ "ਕਾਲਾ ਸੂਰਜ" ਵਿੱਚ ਵੀ ਹੀਰੋ ਦੀ ਭੂਮਿਕਾ ਨਿਭਾਈ ਸੀ। ਕੈਨੇਡਾ ਜਾ ਕੇ ਉਸ ਨੇ ਰੇਡੀਓ ਪ੍ਰਸਾਰਨ ਨੂੰ ਅਪਣਾਇਆ ਤੇ ਬੁਲੰਦੀਆਂ ਤੇ ਪਹੁੰਚਾਇਆ। ਅੱਜ ਉਸ ਦਾ ਨਾਮ ਘਰ ਘਰ ਦੀ ਕਹਾਣੀ ਹੈ। ਰਹਭਜਨ ਮਾਨ ਦੀ ਫਿਲਮ "ਅਸਾਂ ਨੂੰ ਮਾਣ ਵਤਨਾਂ ਦਾ" ਵਿੱਚ ਵੀ ਉਸ ਦੀ ਅਦਾਕਾਰੀ ਸਲਾਹੀ ਗਈ। ਕ੍ਰਿਸ਼ਨ ਕੁਮਾਰ ਬਾਵਾ, ਪਰਗਟ ਸਿੰਘ ਗਰੇਵਾਲ ਤੇ ਮਲਕੀਤ ਸਿੰਘ ਦਾਖਾ ਨੇ ਵੀ ਹਰਜਿੰਦਰ ਥਿੰਦ ਨੂੰ ਬਦੇਸ਼ਾਂ ਵਿੱਚ ਪੰਜਾਬ ਦਾ ਸਭਿਆਚਾਰਕ ਦੂਤ ਵਜੋਂ ਸਲਾਹੁਤਾ ਕੀਤੀ। ਰਘੁਬੀਰ ਸਿੰਘ ਘੁੰਨ ਨੇ ਥਿੰਦ ਨੂੰ ਮਿਸ਼ਰੀ ਨਾਲੋਂ ਮਿੱਠੇ ਅੰਦਾਜ਼ ਨੂੰ ਲੰਮਾ ਸਮਾਂ ਨਿਭਾਉਣ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸ. ਜਗਦੇਵ ਸਿੰਘ ਜੱਸੋਵਾਲ ਜੀ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਫਾਉਂਡੇਸ਼ਨ ਨੂੰ ਹਰ ਸਾਲ ਇਹ ਪੁਰਸਕਾਰ ਉਨ੍ਹਾਂ ਦੇ ਜਨਮ ਦਿਨ ਤੇ ਕੌਮੀ ਤੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਲਾਕਾਰਾਂ, ਬੁੱਧੀਜੀਵੀਆਂ ਤੇ ਲੇਖਕਾਂ ਨੂੰ ਦੇਣਾ ਚਾਹੀਦਾ ਹੈ। ਉਨ੍ਹਾਂ ਸ. ਜੱਸੋਵਾਲ ਤੇ ਉਨ੍ਹਾਂ ਦੇ ਨਿੱਕੇ ਵੀਰ ਇੰਦਰਜੀਤ ਸਿੰਘ ਗਰੇਵਾਲ ਨਾਲ ਬਿਤਾਏ ਪਲਾਂ ਦੀਆਂ ਕਈ ਗੱਲਾਂ ਸਾਂਝੀਆਂ ਕੀਤੀਆਂ। ਧੰਨਵਾਦ ਕਰਦਿਆਂ ਹਰਜਿੰਦਰ ਸਿੰਘ ਥਿੰਦ ਨੇ ਕਿਹਾ ਕਿ ਸ. ਜਗਦੇਵ ਸਿੰਘ ਜੱਸੋਵਾਲ ਲਿਆਕਤਵਾਨ ਸਿਆਸਤਦਾਨ, ਸਭਿਆਚਾਰਕ ਹਸਤੀ ਤੇ ਦੂਰਦ੍ਰਿਸ਼ਟੀਵਾਨ ਇਨਸਾਨ



ਸਨ। ਉਨ੍ਹਾਂ ਸਿਰਫ਼ ਪੰਜਾਬ ਵਿੱਚ ਹੀ 1978 ਤੋਂ ਮੋਹਨ ਸਿੰਘ ਮੇਲਾ ਨਹੀਂ ਸੀ ਆਰੰਭਿਆ ਸਗੋਂ ਸਰੀ (ਕੈਨੇਡਾ ਵਿੱਚ ਵੀ ਸਾਨੂੰ ਸਭ ਨੂੰ ਥਾਪੜਾ ਦੇ ਕੇ ਸਾਹਿਬ ਸਿੰਘ ਥਿੰਦ ਦੀ ਅਗਵਾਈ ਹੇਠ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਸਥਾਪਿਤ ਕਰਕੇ "ਗਦਰੀ ਬਾਬਿਆਂ ਦਾ ਮੇਲਾ" ਲਹਿਰ ਵਾਂਗ ਸ਼ੁਰੂ ਕੀਤਾ। ਇਸ ਤੋਂ ਬਾਦ ਪੂਰੇ ਕੈਨੇਡਾ ਤੇ ਅਮਰੀਕਾ ਵਿੱਚ ਮੇਲਿਆਂ ਦੀ ਲਹਿਰ ਸ਼ੁਰੂ ਹੋ ਗਈ। ਉਨ੍ਹਾਂ ਕਿਹਾ ਕਿ ਮੋਹਨ ਸਿੰਘ ਫਾਉਂਡੇਸ਼ਨ ਵੱਲੋਂ ਮਿਲੀ ਦਸਤਾਰ ਮੈਨੂੰ ਹਰ ਵੇਲੇ ਵੱਡੀ ਜ਼ੁੰਮੇਵਾਰੀ ਦਾ ਅਹਿਸਾਸ ਦਿਵਾਉਂਦੀ ਰਹੇਗੀ। ਸ. ਜਗਦੇਵ ਸਿੰਘ ਜੱਸੋਵਾਲ ਜੀ ਦੇ ਪੋਤਰੇ ਅਮਰਿੰਦਰ ਸਿੰਘ ਜੱਸੋਵਾਲ ਨੇ ਆਏ ਮਹਿਮਾਨਾਂ ਦਾ ਸ਼ੁਕਰਾਨਾ ਕੀਤਾ।

# ਸਿਵਲ ਸਰਜ਼ਨ ਨੇ ਕੀਤੀ ਜਿਲ੍ਹਾ ਪੱਧਰੀ ਮਾਤਰੀ ਮੌਤ ਰੀਵਿਊ ਕਮੇਟੀ ਦੀ ਮੀਟਿੰਗ



ਸੰਗਰੂਰ
ਸਾਂਝੀ ਸੋਚ ਬਿਊਰੋ

ਸਿਵਲ ਸਰਜਨ ਡਾ. ਕਿਰਪਾਲ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਮਾਤਰੀ ਮੌਤ ਰੀਵਿਊ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਕਿਰਪਾਲ ਸਿੰਘ ਨੇ ਸਮੂਹ ਕਮੇਟੀ ਮੈਂਬਰਾਂ ਨੂੰ ਮਾਤਰੀ ਮੌਤ ਦਰ ਘਟਾਉਣ ਲਈ ਅਹਿਮ ਉਪਰਾਲੇ ਕਰਨ ਲਈ ਕਿਹਾ। ਉਹਨਾਂ ਕਿਹਾ ਕਿ ਹਰ ਇਕ ਗਰਭਵਤੀ ਦੇ ਜਣੇਪੇ ਨੂੰ ਸੁਰੱਖਿਅਤ ਬਣਾਉਣ ਲਈ ਗਰਭਵਤੀ ਦੇ ਜਣੇਪੇ ਸਬੰਧੀ ਸਤਵੇਂ ਮਹੀਨੇ ਤੋਂ ਹੀ ਉਸਦੀ ਡਲਿਵਰੀ ਸਬੰਧੀ ਪਲਾਨ ਬਣਾਇਆ ਜਾਵੇ ਤੇ ਇਸ ਸਬੰਧੀ ਗਰਭਵਤੀ ਤੇ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਜਾਣੂ ਕਰਵਾਇਆ ਜਾਵੇ, ਔਰਤ ਦੇ ਖਾਣ ਪੀਣ ਅਤੇ ਉਸਦੇ ਟੀਕਾਕਰਨ ਸਬੰਧੀ ਉਸਨੂੰ ਜਾਗਰੂਕ ਕੀਤਾ ਜਾਵੇ। ਉਹਨਾਂ ਹਾਈ ਰਿਸਕ ਗਰਭਵਤੀ ਔਰਤਾਂ ਤੇ ਵੱਧ ਧਿਆਨ ਦੇਣ ਦੀ ਹਿਦਾਇਤ ਕਰਦਿਆਂ ਕਿਹਾ ਕਿ ਉਹ ਹਰ ਲੋੜਵੰਦ ਹਾਈ ਰਿਸਕ ਗਰਭਵਤੀਆਂ ਨੂੰ ਉਹਨਾਂ ਦੇ ਘਰਾਂ ਅੰਦਰ ਲੋੜੀਂਦੀਆਂ ਸੰਭਵ ਸਿਹਤ ਸੇਵਾਵਾਂ ਉਪਲਬਧ ਕਰਾਉਣੀਆਂ ਯਕੀਨੀ ਬਣਾਉਣ ਅਤੇ ਉਨਾ ਦਾ ਜਣੇਪਾ ਢੁਕਵੀਂ ਸਿਹਤ ਸੰਸਥਾਂ ਵਿਚ ਕਰਵਾਉਣ ਲਈ ਉਨ੍ਹਾਂ ਨੂੰ ਪਹਿਲਾ ਹੀ ਉਤਸ਼ਾਹਿਤ ਕਰਨ ਤਾਂ ਜੋ ਐਮਰਜੈਸੀ ਹਾਲਾਤ ਪੈਂਦਾ ਹੀ ਨਾ ਹੋਣ।

ਉਨ੍ਹਾਂ ਕਿਹਾ ਕਿ ਮਾਤਰੀ ਮੌਤ ਦੇ ਕਈ ਕਾਰਣ ਜਿਵੇਂ ਗਰਭਵਤੀ ਮਾਵਾਂ ਨੂੰ ਗੁੰਝਲਦਾਰ ਡਲਿਵਰੀ ਹੋਣ ਤੇ ਉਚੇਰੇ ਹਸਪਤਾਲ ਵਿੱਚ ਜਣੇਪਾ ਕਰਵਾਉਣ ਲਈ ਰੈਫਰ ਕਰਨ ਤੇ ਔਰਤ ਵੱਲੋਂ ਹਸਪਤਾਲ ਨਾ ਜਾਣਾ, ਗਰਭਵਤੀ ਔਰਤ ਵੱਲੋਂ ਕੋਈ ਪੁਰਾਣੀ ਬਿਮਾਰੀ ਹੋਣ ਤੇ ਉਸ ਦੀ ਜਾਣਕਾਰੀ ਨਾ ਦੇਣਾ, ਡਲਿਵਰੀ ਤੋਂ ਬਾਅਦ ਜਿਆਦਾ ਖੂਨ ਪੈਣਾ, ਇੰਫੈਕਸ਼ਨ ਹੋਣਾ, ਜਿਆਦਾ ਬਲੱਡ ਪ੍ਰੈਸ਼ਰ ਹੋਣਾ, ਅਸੁੱਰਖਿਅਤ ਅਬਾਰਸ਼ਨ ਆਦਿ ਹੋ ਸਕਦੇ ਹਨ, ਪਰ ਮਾਤਰੀ ਮੌਤ ਦਰ ਨੂੰ ਘਟਾਉਣਾ ਸਾਡਾ ਮੁੱਖ ਟੀਚਾ ਹੈ। ਉਨਾਂ ਨੇ ਕਿਹਾ ਕਿ ਹਾਈ ਰਿਸਕ ਗਰਭਵਤੀ ਔਰਤਾਂ ਦੀ ਲਿਸਟ ਹਰ ਸਮੇਂ ਸਿਹਤ ਸੈਂਟਰ ਵਿੱਚ ਉਪਲੱਬਧ ਹੋਣੀ ਯਕੀਨੀ ਬਣਾਈ ਜਾਵੇ ਅਤੇ ਅਜਿਹੀਆਂ ਔਰਤਾਂ ਦੇ ਸਾਰੇ ਨਿਰਧਾਰਿਤ ਐਂਟੀਨੇਟਲ ਚੈੱਕ-ਅਪ, ਪਹਿਲ ਦੇ ਆਧਾਰ ਤੇ ਕਰਵਾਏ ਜਾਣ।

ਉਹਨਾਂ ਕਿਹਾ ਕਿ ਅਜਿਹੀਆਂ ਔਰਤਾਂ ਦੇ ਖਾਣ ਪੀਣ, ਟੀਕਾਕਰਨ ਅਤੇ ਸਿਹਤ ਸਬੰਧੀ ਵਿਸ਼ੇਸ਼ ਤਵੱਜੋ ਦਿੱਤੀ ਜਾਵੇ। ਮੀਟਿੰਗ ਦੌਰਾਨ ਬਲੱਡ ਸਟੋਰੇਜ ਯੂਨਿਟ ਦੀ ਵਰਕਿੰਗ ਸਬੰਧੀ ਰਿਵਿਊ ਵੀ ਕੀਤਾ ਗਿਆ।

ਇਸ ਮੌਕੇ ਤੇ ਸਹਾਇਕ ਸਿਵਲ ਸਰਜਨ ਡਾ. ਸੰਜੇ ਮਾਥੁਰ, ਸੀਨੀਅਰ ਮੈਡੀਕਲ ਅਫਸਰ ਭਵਾਨੀਗੜ੍ਹ, ਡਾ. ਵਿਨੋਦ ਕੁਮਾਰ, ਔਰਤ ਰੋਗਾ ਦੇ ਮਾਹਰ ਡਾ. ਰਮਨਬੀਰ ਕੌਰ ਬੋਪਾਰਾਏ, ਡਾ. ਹਰਪ੍ਰੀਤ ਕੌਰ ਰੇਖੀ, ਮੈਡੀਕਲ ਸਪੈਸ਼ਲਿਸਟ ਡਾ. ਹਿਮਾਂਸ਼ੂ ਗਰਗ, ਸਬੰਧਿਤ ਸਿਹਤ ਕੇਂਦਰਾਂ ਦੇ ਮੈਡੀਕਲ ਅਫਸਰ, ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਕਰਨੈਲ ਸਿੰਘ, ਡੀ. ਪੀ. ਐੱਮ. ਵੈਸਾਲੀ ਬਾਂਸਲ, ਡਿਪਟੀ ਮਾਸ ਮੀਡਿਆ ਤੇ ਸੂਚਨਾ ਅਫਸਰ ਸਰੋਜ ਰਾਣੀ, ਡੀ.ਸੀ.ਐਮ. ਦੀਪਕ ਸ਼ਰਮਾ, ਡੀ.ਐਸ.ਏ. ਨੀਤੂ ਰਾਣੀ, ਵੱਖ ਵੱਖ ਬਲਾਕਾਂ ਤੋਂ ਐਲ.ਐਚ. ਵੀ, ਬੀ. ਐਸ. ਏ.' ਆਈ. ਏ., ਏ.ਐਨ.ਐਮ ਅਤੇ ਆਸ਼ਾ ਵਰਕਰ ਆਦਿ ਹਾਜ਼ਰ ਸਨ।



10 YEARS ANNIVERSARY

# APCA

AMERICAN PETROLEUM AND CONVENIENCE STORE ASSOCIATION

## *10th Annual BUYER'S Trade Show In Fresno*

***on Wednesday, May 8th, 2024 From 12:30pm to 5:30pm***
***at Industrial Commerce Building, The Big Fresno Fair, Fresno, CA 93702***



Copyright @ Punjab Mail USA

ਜੱਗ ਜਿਉਂਦਿਆ ਦੇ ਮੇਲੇ

ਹਰਭਜਨ ਮਾਨ

***Live Performance***

## *Harbhajan Mann*

***Wednesday, May 8th***
***From 6:30pm to 9:00pm***
***Venue: Paul Paul Theater***
***1121, S Chance Ave, Fresno, CA 93702***

***APCA members will receive FREE, TWO Concert tickets of $100 value each, per membership paid store. Members must attend the Trade Show at 1:30pm. Members may buy additional tickets at discounted price of $50 at ETIX.com or at Trade Show, on first come first serve basis. Fresno area Retailers visit SM Bros at 186 S West Ave, Fresno to become APCA member and get 2 Free Tickets.***

*Media Partners*

PUNJAB MAIL USA TV Channel

SPICE RADIO FM 94.3

Punjabi Radio USA

jus TV

PTC PUNJABI

GURDEEP SHERGILL

*Platinum Sponsor*

Flamingo Catering, & Banquet Hall

*For More Information*

ANDY CHHIKARA: 559-259-4006
JASBIR SARAI: 209-675-0866
BALWINDER SINGH: 559-718-9339

AMRIT DHALIWAL: 209-598-6980
PUNEET BAINS: 559-347-7728
PAUL HAYER: 707-290-8530

ROCKY MALHI: 916-792-8023
KEWAL KRISHAN: 510-290-7144

# ARCPOINT LABS
## OF MANTECA

Accurate, Reliable, Confidential Testing.

**ਸਾਡੀਆਂ ਸੇਵਾਵਾਂ :**

**DOT ਦੇ Drug ਤੇ Alcohal Testing**
**Pre- Employment Testing | Physicals**
**Hair & Nail Testing |Immigration DNA**
**Paternity & Relationship DNA**

**Health Checkups ਜਿਵੇਂ :**


Cholestrol Test


Heart Health


Thyroid Test


Diabetes Test


Food Allergy



Vitamin & Nutrient Test

**ਆਪਣੇ ਹੋਣ ਵਾਲੇ Baby ਦਾ Gender ਜਾਣੋ 6 Weeks ਵਿੱਚ**




**ਵਧੇਰੇ ਜਾਣਕਾਰੀ ਲਈ ਕਾਲ ਕਰੋ :**
**(209) 629-8282 | (209) 505-6384**

**Address : 119. Maple AVe, Suite A Manteca, CA 95336**


VOTE & SUPPORT
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
BHUPINDER SINGH JADLA


SAI JEWELERS
Making Every
Occassion Beautiful
30 ਸਾਲ ਤੋਂ ਵੱਧ ਦਾ ਤਜ਼ਰਬਾ | 3 ਪੀੜੀਆਂ ਤੋਂ ਕਰ ਰਹੇ ਗਹਿਣਿਆਂ ਦਾ ਕੰਮ
ਹਰ ਤਰ੍ਹਾਂ ਦੇ ਸੋਨੇ ਤੇ ਚਾਂਦੀ ਦੇ ਮਨਪਸੰਦ ਗਹਿਣੇ ਖ਼ਰੀਦੋ
ਗਹਿਣੇ ਪਾਲਿਸ਼ ਜਾਂ Repair ਕਰਵਾਓ
Exchange & Trade of
Jewellery Available
ਸਾਡੇ ਕੋਲ Gold ਤੇ Silver ਦੇ ਸਿੱਕੇ ਵੀ ਮਿਲਦੇ ਹਨ
Diamond Jewellery ਵਿਚ ਵੀ ਕਰਦੇ ਹਾਂ DEAL
ਤੁਸੀਂ ਸਾਡੇ ਕੋਲੋਂ ਗਹਿਣੇ Exchange ਵੀ ਕਰਵਾ ਸਕਦੇ ਹੋ
(ਅਸੀਂ ਪੁਰਾਣੇ ਗਹਿਣੇ ਲੈਕੇ ਨਵੇਂ ਗਹਿਣੇ ਦਿੰਦੇ ਹਾਂ)
Open : Tuesday -Sunday | 11:00 AM- 6:00 PM
Monday Available -By Call -ON APPPOINTMENTS
Visit our Store to Explore New Designs
ਵਧੇਰੇ ਜਾਣਕਾਰੀ ਲਈ ਕਾਲ ਕਰੋ :
ਧਰਮ ਚੌਹਾਨ -(209) 678-6600 | ਸਟੋਰ ਨੰਬਰ -(209) 408-8553
ADDRESS : 2900, Standiford Ave Ste, 16 B Modesto CA 95350

# ਗੁਰਬਖ਼ਸ਼ ਸਿੰਘ ਸਿੱਧੂ ਅਮਰੀਕਾ ਦੇ ਮੋਰਪਾਰਕ ਦੀਆਂ ਖੇਡਾਂ ਵਿੱਚ ਹਿੱਸਾ ਲੈਕੇ ਵਧਾਇਆ ਭਾਈਚਾਰੇ ਦਾ ਮਾਣ

ਫਰਿਜ਼ਨੋ
ਕੁਲਵੰਤ ਧਾਲੀਆਂ,ਨੀਟਾ ਮਾਛੀਕੇ

ਫਰਿਜਨੋ ਨਿਵਾਸੀ ਐਥਲੀਟ ਗੁਰਬਖ਼ਸ਼ ਸਿੰਘ ਸਿੱਧੂ ਅਮਰੀਕਾ ਵਿੱਚ ਅਕਸਰ ਸੀਨੀਅਰ ਖੇਡਾਂ ਵਿੱਚ ਭਾਗ ਲੈਕੇ ਭਾਈਚਾਰੇ ਦਾ ਨਾਮ ਰੌਸ਼ਨ ਕਰਦੇ ਰਹਿੰਦੇ ਨੇ, ਇਸੇ ਕੜੀ ਤਹਿਤ ਲੰਘੇ ਐਤਵਾਰ ਉਹਨਾਂ ਕੈਲੀਫੋਰਨੀਆਂ ਦੇ ਸ਼ਹਿਰ ਮੋਰਪਾਰਕ ਵਿੱਚ 69ਵੀਂ ਦੱਖਣੀ ਕੈਲੀਫੋਰਨੀਆ ਸਟ੍ਰਾਈਡਰਜ਼ ਟ੍ਰੈਕ ਐਂਡ ਫੀਲਡ ਗੇਮਾਂ ਵਿੱਚ ਹਿੱਸਾ ਲਿਆ 'ਤੇ ਕਈ ਮੈਡਲ ਆਪਣੇ ਨਾਮ ਕੀਤੇ। ਇਹ ਖੇਡਾਂ ਮੋਰਪਾਰਕ ਸਿਟੀ ਕਾਲਜ ਸਟੇਡੀਅਮ ਵਿੱਚ ਵਿੱਚ



ਹੋਈਆਂ। ਇਹਨਾਂ ਖੇਡਾਂ ਦੌਰਾਨ ਗੁਰਬਖ਼ਸ਼ ਸਿੰਘ ਸਿੱਧੂ ਨੇ ਹੈਮਰ ਥਰੋ ਵਿੱਚ 36:36 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ, ਭਾਰ ਥਰੋ ਵਿੱਚ ਵਿੱਚ 12:91 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਜਿੱਤਿਆ ਅਤੇ ਸ਼ਾਟ ਪੁੱਟ ਵਿੱਚ 8:84 ਮੀਟਰ ਦੀ ਦੂਰੀ ਨਾਲ ਗੋਲਡ ਮੈਡਲ ਅਤੇ ਡਿਸਕਸ ਥਰੋ ਵਿੱਚ 26:75 ਮੀਟਰ ਦੀ ਦੂਰੀ ਨਾਲ ਸਿਲਵਰ ਮੈਡਲ ਜਿੱਤਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਹਨਾਂ ਦੱਸਿਆ ਕਿ ਕੈਲੀਫੋਰਨੀਆ, ਐਰੀਜ਼ੋਨਾ ਅਤੇ ਨੇਵਾਡਾ ਰਾਜ ਦੇ ਲਗਭਗ 200 ਐਥਲੀਟਾਂ ਨੇ ਇਸ ਟਰੈਕ ਅਤੇ ਫੀਲਡ ਮੀਟ ਵਿੱਚ ਹਿੱਸਾ ਲਿਆ। ਉਹਨਾਂ ਕਿਹਾ ਕਿ ਮੈਂ ਫਰਿਜ਼ਨੋ ਦੇ ਫਲਾਇਰਜ਼ ਕਲੱਬ ਦੀ ਨੁਮਾਇੰਦਗੀ ਕੀਤੀ ਅਤੇ ਕਲੱਬ ਲਈ 38 ਅੰਕ ਪ੍ਰਾਪਤ ਕੀਤੇ।

# ਤਰਕਸ਼ੀਲਾਂ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਥਲੇਸ 'ਚ ਤਰਕਸ਼ੀਲ ਪ੍ਰੋਗਰਾਮ ਦੀ ਪੇਸ਼ਕਾਰੀ

ਸੰਗਰੂਰ
ਸਾਂਝੀ ਸੋਚ ਬਿਊਰੋ

ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਅੱਜ ਮਾਸਟਰ ਪਰਮਵੇਦ, ਸੀਤਾ ਰਾਮ ਬਾਲਦ ਕਲਾਂ, ਜਗਦੇਵ ਕੰਮੋਮਾਜਰਾ ਤੇ ਲੈਕਚਰਾਰ ਜਸਦੇਵ ਸਿੰਘ ਆਧਾਰਿਤ ਤਰਕਸ਼ੀਲ ਟੀਮ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਥਲੇਸ ਵਿਖੇ ਇਕ ਸਿੱਖਿਆਦਾਇਕ ਪ੍ਰੋਗਰਾਮ ਦਿੱਤਾ। ਪ੍ਰਿੰਸੀਪਲ ਪ੍ਰਵੀਨ ਕੁਮਾਰ ਮਨਚੰਦਾ ਨੇ ਤਰਕਸ਼ੀਲ ਟੀਮ ਦਾ ਸਵਾਗਤ ਕਰਦਿਆਂ ਵਿਦਿਆਰਥੀਆਂ ਨੂੰ ਤਰਕਸ਼ੀਲ ਸੋਚ ਅਪਨਾਉਣ ਦਾ ਸੁਨੇਹਾ ਦਿੱਤਾ। ਇਸ ਮੌਕੇ ਤਰਕਸ਼ੀਲ ਆਗੂ ਮਾਸਟਰ ਪਰਮ ਵੇਦ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਅੰਧਵਿਸ਼ਵਾਸ਼ਾਂ, ਵਹਿਮਾਂ ਭਰਮਾਂ, ਲਾਈਲਗਤਾ ਤੇ ਰੂੜ੍ਹੀਵਾਦੀ ਵਿਚਾਰਾਂ ਦੇ ਹਨੇਰੇ ਵਿਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਭਾਵਪੂਰਤ ਸੁਨੇਹਾ ਦਿੱਤਾ। ਉਨਾਂ ਕਿਹਾ ਕਿ ਵਿਗਿਆਨਕ ਸੂਝ ਬੂਝ ਤੇ ਨੈਤਿਕ



ਕਦਰਾਂ ਕੀਮਤਾਂ ਅਪਣਾ ਕੇ ਆਪਣੀ ਸ਼ਖਸ਼ੀਅਤ ਨੂੰ ਵਿਕਸਤ ਕਰਨਾ ਚਾਹੀਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਹਿੰਮਤ, ਲਗਨ, ਲਗਾਤਾਰਤਾ ਦੇ ਨਾਲ ਕੀ, ਕਿਉਂ ਕਿਵੇਂ ਆਦਿ ਗੁਣ ਜਿਹੜੇ ਹਰ ਵਰਤਾਰੇ ਦੀ ਸਚਾਈ ਦੀ ਤਹਿ ਤੱਕ ਜਾਣ ਲਈ ਜਰੂਰੀ ਹੁੰਦੇ ਹਨ, ਅਪਨਾਉਣ ਦਾ ਸੱਦਾ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਸੁਪਨੇ ਸਾਕਾਰ ਕਰਨ ਲਈ, ਰਸਤੇ ਭਾਵੇਂ ਵਿਖੜੇ ਹੋਣ ਪਰ ਮਿਹਨਤ, ਲਗਨ, ਦ੍ਰਿੜ੍ਹਤਾ ਨਾਲ ਸਾਕਾਰ ਕੀਤੇ ਜਾ ਸਕਦੇ ਹਨ। ਇਸ ਸਮੇਂ ਜਗਦੇਵ ਕੰਮੋਮਾਜਰਾ ਨੇ ਜਾਦੂ ਸ਼ੋਅ ਪੇਸ਼ ਕਰਦਿਆਂ ਕਿਹਾ ਕਿ ਜਾਦੂ ਇੱਕ ਕਲਾ ਹੈ, ਹੱਥ ਦੀ ਸਫਾਈ ਹੈ ਇਸ ਵਿੱਚ ਕੋਈ ਗ਼ੈਬੀ ਸ਼ਕਤੀ ਨਹੀਂ। ਉਨ੍ਹਾਂ ਬਹੁਤ ਸਾਰੇ ਟ੍ਰਿਕਾਂ ਜਿਵੇਂ:ਅਖ਼ਬਾਰ ਪਾੜ ਕੇ ਸਾਬਤ ਕਰਨਾ, ਫੁੱਲ ਗ਼ਾਇਬ ਕਰਨਾ, ਕੁੜੀ ਨੂੰ ਰੱਸੀ ਨਾਲ ਬੰਨਣਾ ਆਦਿ ਰਾਹੀਂ ਹਾਜ਼ਰੀਨ ਦਾ ਸਾਰਥਿਕ ਮਨੋਰੰਜਨ ਕਰਦਿਆਂ ਉਨ੍ਹਾਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੱਦਾ ਦਿੱਤਾ। ਇਸ ਸਮੇਂ ਲਗਾਈ ਪੁਸਤਕ ਪ੍ਰਦਰਸ਼ਨੀ ਵਿੱਚ ਤਰਕਸ਼ੀਲ ਆਗੂ ਸੀਤਾ ਰਾਮ ਬਾਲਦ ਕਲਾਂ ਤੇ ਜਸਦੇਵ ਸਿੰਘ ਨੇ ਪ੍ਰਿੰਸੀਪਲ ਸਾਹਿਬ, ਅਧਿਆਪਕ ਸਾਹਿਬਾਨ ਤੇ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਾਂ ਵਾਲੀਆਂ ਪੁਸਤਕਾਂ, ਤਰਕਸ਼ੀਲ ਮੈਗਜ਼ੀਨ,'ਪੜ੍ਹੋ, ਵਿਚਾਰੋ ਤੇ ਅਮਲ ਕਰੋ' ਨਾਮ ਦੀਆ ਵਿਗਿਆਨਕ ਚੇਤਨਾ ਵਿਕਸਤ ਕਰਨ ਵਾਲੀਆਂ ਦੋਵਰਕੀਆਂ ਵੰਡੀਆਂ ਗਈਆਂ। ਪੰਜਵੀਂ ਚੇਤਨਾ ਪਰਖ਼ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਤੇ ਸਹਿਯੋਗੀ ਅਧਿਆਪਕਾਂ ਨੂੰ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਲੈਕਚਰਾਰ ਅਨੁਰਾਧਾ ਤੇ ਸਾਇੰਸ ਮਿਸਟ੍ਰੈਸ ਗੁਰਪ੍ਰੀਤ ਕੌਰ ਨੇ ਵਿਗਿਆਨਕ ਵਿਚਾਰ ਅਪਨਾਉਣ ਦਾ ਸੁਨੇਹਾ ਲੈ ਕੇ ਵਿਦਿਆਰਥੀਆਂ ਦੇ ਰੂ-ਬ-ਰੂ ਹੋਣ ਲਈ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ। ਪ੍ਰੋਗਰਾਮ ਵਿਗਿਆਨਕ ਵਿਚਾਰਾਂ ਦਾ ਛੱਟ ਦੇਣ ਵਿਚ ਸਫ਼ਲ ਰਿਹਾ।

# ਜਿਵੇਂ ਚੰਨੀ ਮੁੜ ਕੇ ਭਦੌੜ ਨਹੀਂ ਆਇਆ,ਉਵੇਂ ਖਹਿਰਾ ਦੁਬਾਰਾ ਸੰਗਰੂਰ ਨਹੀਂ ਆਵੇਗਾ :ਮੀਤ ਹੇਅਰ

ਭਦੌੜ
ਸਾਂਝੀ ਸੋਚ ਬਿਊਰੋ



ਸੰਗਰੂਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕ ਸਭਾ ਚੋਣ ਲੜ ਰਹੇ ਸੰਗਰੂਰ ਤੋਂ ਬਾਹਰੀ ਉਮੀਦਵਾਰਾਂ ਉੱਤੇ ਤੰਜ ਕਸਦਿਆਂ ਕਿਹਾ ਕਿ ਜਿਵੇਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸਾਲ 2022 ਵਿੱਚ ਸਾਡੇ ਉਮੀਦਵਾਰ ਲਾਭ ਸਿੰਘ ਉਗੋਕੇ ਤੋਂ ਹਾਰਨ ਤੋਂ ਬਾਅਦ ਦੋ ਸਾਲ ਭਦੌੜ ਵਾਸੀਆਂ ਨੂੰ ਸ਼ਕਲ ਨਹੀ ਵਿਖਾਈ ਉਵੇਂ ਹੀ ਦੋਆਬੇ ਤੋਂ ਆਇਆ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਚੋਣਾਂ ਤੋਂ ਬਾਅਦ ਮੁੜ ਸੰਗਰੂਰ ਨਹੀਂ ਆਵੇਗਾ।

ਤਪਾ ਮੰਡੀ ਅਤੇ ਭਦੌੜ ਵਿਖੇ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਮੀਤ ਹੇਅਰ ਨੇ ਕਿਹਾ ਕਿ ਸੰਗਰੂਰ ਤੇ ਭਦੌੜ ਵਾਸੀ ਬਾਹਰੀ ਉਮੀਦਵਾਰਾਂ ਨੂੰ ਬਾਹਰ ਦਾ ਰਾਸਤਾ ਦਿਖਾਉਣਾ ਜਾਣਦੇ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਸਾਰੀਆਂ ਪਾਰਟੀਆਂ ਦੀ ਅਸਲੀਅਤ ਜਾਣ ਚੁੱਕੇ ਹਨ।

ਜਿਸ ਕਾਰਨ ਹੁਣ ਉਹ ਹਲਕੇ ਬਦਲ ਕੇ ਚੋਣ ਲੜ ਰਹੇ ਹਨ। ਕਾਂਗਰਸੀਆਂ ਨੇ ਚਰਨਜੀਤ ਸਿੰਘ ਚੰਨੀ ਨੂੰ ਪਹਿਲਾ ਭਦੌੜ ਚੋਣ ਲੜਾਈ ਅਤੇ ਫੇਰ ਹੁਣ ਜਲੰਧਰ ਭੇਜ ਦਿੱਤਾ। ਚੰਨੀ ਭਦੌੜ ਤੋਂ ਚੋਣ ਹਾਰ ਕੇ ਦੁਬਾਰਾ ਮੁੜ ਕੇ ਭਦੌੜ ਨਹੀਂ ਆਇਆ ਅਤੇ ਹੁਣ ਖਹਿਰਾ ਵੀ ਭੁਲੱਥ ਤੋਂ ਸੰਗਰੂਰ ਆਇਆ ਹੈ ਅਤੇ ਚੋਣ ਨਤੀਜਿਆਂ ਤੋਂ ਬਾਅਦ ਮੁੜ ਕੇ ਸੁਖਪਾਲ ਖਹਿਰਾ ਨੇ ਸਤਲੁਜ ਦਰਿਆ ਪਾਰ ਨਹੀਂ ਕਰਨਾ।

ਭਦੌੜ ਤੋਂ ਵਿਧਾਇਕ ਲਾਭ ਸਿੰਘ ਉੱਗੋਕੇ ਨੇ ਮੀਤ ਹੇਅਰ ਨੂੰ ਵਿਸ਼ਵਾਸ ਦਿਵਾਇਆ ਕਿ ਲੋਕ ਸਭਾ ਚੋਣਾਂ ਵਿੱਚ ਭਦੌੜ ਹਲਕੇ ਦੇ ਲੋਕ ਆਮ ਆਦਮੀ ਪਾਰਟੀ ਨੂੰ ਸਭ ਤੋਂ ਵੱਡੀ ਲੀਡ ਦਿਵਾਉਣਗੇ।

ਅੱਜ ਦੀਆਂ ਮੀਟਿੰਗਾਂ ਵਿੱਚ ਪਾਰਟੀ ਅਹੁਦੇਦਾਰਾਂ ਤੇ ਵਲੰਟੀਅਰਾਂ ਦੀ ਵੱਡੀ ਸ਼ਮੂਲੀਅਤ ਅਤੇ ਜੋਸ਼ ਸਦਕਾ ਰੈਲੀਆਂ ਸਾਬਤ ਹੋ ਨਿਬੜੀਆਂ। ਸਮੂਹ ਪਾਰਟੀ ਵਰਕਰਾਂ ਨੇ ਆਖਿਆ ਕਿ ਉਹ ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਘਰ-ਘਰ ਤੱਕ ਲਿਜਾਣਗੇ ਅਤੇ ਮੀਤ ਹੇਅਰ ਦੀ ਜਿੱਤ ਯਕੀਨੀ ਬਣਾਉਣਗੇ।

# ਐਸ.ਡੀ.ਐਮ ਨਿਤੇਸ਼ ਕੁਮਾਰ ਜੈਨ ਨੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ

ਮਾਨਸਾ
ਸਾਂਝੀ ਸੋਚ ਬਿਊਰੋ

ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਸਹਾਇਕ ਰਿਟਰਨਿੰਗ ਅਫਸਰ-ਕਮ-ਉਪ ਮੰਡਲ ਮੈਜਿਸਟ੍ਰੇਟ 97-ਸਰਦੂਲਗੜ੍ਹ ਨਿਤੇਸ਼ ਕੁਮਾਰ, ਆਈ.ਏ.ਐਸ ਵੱਲੋਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਕੀਤੀ ਗਈ। ਉਨ੍ਹਾਂ ਸਮੂਹ ਨੁਮਾਇੰਦਿਆਂ ਨੂੰ ਆਦਰਸ਼ ਚੋਣ ਜਾਬਤੇ ਦੀ ਪਾਲਣਾ ਸਬੰਧੀ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਦੀਆਂ ਕਾਪੀਆਂ ਸੌਂਪੀਆਂ। ਉਨ੍ਹਾਂ ਰਾਜਨੀਤਿਕ ਪਾਰਟੀ ਦੇ ਨੁਮਾਇੰਦਿਆ ਨੂੰ ਨਿੱਜੀ, ਜਾਤੀ, ਧਾਰਮਿਕ, ਭਾਸ਼ਾਈ ਦੁਸ਼ਣਬਾਜੀ ਤੋਂ ਗੁਰੇਜ ਕਰਨ ਲਈ ਕਿਹਾ ਅਤੇ ਕਿਸੇ ਵੀ ਮੀਟਿੰਗ/ਰੈਲੀ/ਰੋਡ ਸ਼ੋਅ ਤੋਂ ਪਹਿਲਾਂ ਸਮਰੱਥ ਅਧਿਕਾਰੀ ਤੋਂ ਪ੍ਰਵਾਨਗੀ ਲੈਣਾ ਯਕੀਨੀ ਬਣਾਉਣ ਲਈ ਕਿਹਾ।



ਉਨ੍ਹਾਂ ਕੁੱਝ ਵਿਸ਼ੇਸ਼ ਗੱਲਾਂ ਦਾ ਧਿਆਨ ਰੱਖਣ ਲਈ ਕਿਹਾ, ਜਿਵੇਂ ਕਿ ਚੋਣਾਂ ਦੌਰਾਨ ਕਿਸੇ ਵੀ ਸਰਕਾਰੀ ਇਮਾਰਤ ਉੱਤੇ ਚੋਣ ਪ੍ਰਚਾਰ ਨਾਲ ਸਬੰਧਤ ਸਮੱਗਰੀ ਨਾ ਲਗਾਉਣਾ, ਕਿਸੇ ਵੀ ਧਾਰਮਿਕ ਸਥਾਨ ਨੂੰ ਚੋਣ ਪ੍ਰਚਾਰ ਲਈ ਨਾ ਵਰਤਣਾ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਲੋਕ ਸਭਾ ਚੋਣਾਂ 2024 ਦੌਰਾਨ ਮਿਤੀਬੱਧ ਹੋਣ ਵਾਲੀਆਂ ਗਤੀਵਿਧੀਆਂ ਜਿਵੇਂ ਕਿ ਸਟਰਾਂਗ ਰੂਮ ਵਿੱਚ ਈ.ਵੀ.ਐਮ. ਮਸ਼ੀਨਾਂ ਭੰਡਾਰ ਕਰਨ ਸਬੰਧੀ, ਈ.ਵੀ.ਐਮ. ਮਸ਼ੀਨਾਂ ਦੀ ਕਮਿਸ਼ਨਿੰਗ ਸਬੰਧੀ, 85 ਸਾਲ ਤੋਂ ਉੱਪਰ ਉਮਰ ਦੇ ਵੋਟਰਾਂ ਅਤੇ ਦਿਵਿਆਂਗ ਵੋਟਰਾਂ ਦੀ ਘਰ ਘਰ ਜਾ ਕੇ ਵੋਟਿੰਗ ਕਰਵਾਉਣ ਸਬੰਧੀ, ਫੈਸੀਲੀਟੇਸ਼ਨ ਸੈਂਟਰ ਸਥਾਪਿਤ ਕਰਨ ਬਾਰੇ ਜਾਣੂ ਕਰਵਾਇਆ। ਇਸ ਮੌਕੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਤੋਂ ਇਲਾਵਾ ਸੁਪਰਡੰਟਸ੍ਰੀ ਮੱਖਣ ਸਿੰਘ ਮਿੱਤਲ, ਚੋਣ ਕਲਰਕ ਮੁਨੀਸ਼ ਕੁਮਾਰ ਅਤੇ ਪੁਲਿਸ ਵਿਭਾਗ ਦੇ ਕਰਮਚਾਰੀ ਹਾਜ਼ਰ ਸਨ।



# Now Open New Banquet Hall in Sacramento

**For more info: Contact Paul : (916)334-6000**




# SONNY DHALIWAL

## for SUPERVISOR

**EXPERIENCED LEADERSHIP YOU CAN TRUST**

Paid for by Sonny Dhaliwal for County Supervisor 2024 FPPC#1459023


ਸੰਤ ਜਰਨੈਲ ਸਿੰਘ ਭਿੰਡਰਾਂਵਾਲੇ
ਜਨਰਲ ਸੁਬੇਗ ਸਿੰਘ
ਭਾਈ ਅਮਰੀਕ ਸਿੰਘ
ਸ਼ਹੀਦ ਭਾਈ ਦੀਪ ਸਿੱਧੂ
VOTE & SUPPORT
ਹਲਕਾ
ਸੰਗਰੂਰ
ਹਲਕਾ
ਖਡੂਰ ਸਾਹਿਬ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਸਿਮਰਨਜੀਤ ਸਿੰਘ ਮਾਨ
ਭਾਈ ਅੰਮ੍ਰਿਤਪਾਲ ਸਿੰਘ
ਜਾਰੀ ਕਰਤਾ
SUMPREET SINGH
JK TYRE
2955 N WILSON WAY STOCKTON, CA 95205
+1 (510) 766-9382


AAA
TRUCK WASH
ਕੈਲੀਫੋਰਨੀਆ ਦੀ ਕਿਸੇ ਵੀ ਲੋਕੇਸ਼ਨ ਤੇ ਜਾਓ
ਟਰੱਕ ਅਤੇ ਟ੍ਰੇਲਰ ਚਮਕਾਓ ਸਸਤੇ ਅਤੇ ਵਾਜਬ ਰੇਟਾਂ ਉੱਤੇ
Our Locations :-
Delhi | Merced | Madera | Santa Nella
Tracy | San Fransisco | Corning
Old Truck Stop Gemco Ripon Next to Flying J, Santos Ave ਦੇ ਉੱਤੇ
Find nearest Location & Hours
Call at 1800-405-9274 or visit our website for
credit application to open credit account with our company
ਸਾਡੀਆਂ ਰਿਪਨ ਵਾਲੀਆਂ ਲੋਕੇਸ਼ਨਾਂ ਤੇ ਅਸੀਂ ਟੈਂਕਰ ਜੋ ਕੇ food Grade ਹਨ
ਉਹਨਾਂ ਨੂੰ ਅੰਦਰੋਂ ਧੋਂਦੇ ਹਾਂ ਅਤੇ Certified ਕਰਦੇ ਅਤੇ ਕੋਸ਼ਰ ਵਾਸ਼ ਵੀ ਕਰਦੇ ਹਾਂ
Tire Shop, Repair Shop, Oil & Lube Shop available on our locations
Website:- www.aaatruckwash.com


CIS
CALIFORNIA
IMMIGRATION SERVICES
YOUR REGISTERED & BONDED "IMMIGRATION-CONSULTANTS"
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# ਸੰਗਰੂਰ ਪ੍ਰਸ਼ਾਸਨ ਦਾ ਵੋਟਰ ਜਾਗਰੂਕਤਾ ਲਈ ਸਵੀਪ ਗਤੀਵਿਧੀਆਂ ਤਹਿਤ ਨਿਵੇਕਲਾ ਉਪਰਾਲਾ

**ਸੰਗਰੂਰ**
**ਸਾਂਝੀ ਸੋਚ ਬਿਊਰੋ**

ਭਾਰਤੀ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ ਪੰਜਾਬ ਦੀਆਂ ਹਦਾਇਤਾਂ ਤੇ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਵੱਲੋਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸੰਗਰੂਰ ਜਤਿੰਦਰ ਜੋਰਵਾਲ ਦੀ ਅਗਵਾਈ ਵਿੱਚ ਵੋਟਰਾਂ ਨੂੰ ਆਗਾਮੀ 1 ਜੂਨ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਵੱਧ-ਚੜ੍ਹ ਕੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਲਈ ਜਾਗਰੂਕ ਕਰਨ ਦੇ ਮਕਸਦ ਨਾਲ ਨਿਵੇਕਲਾ ਉਪਰਾਲਾ ਕੀਤਾ ਗਿਆ ਹੈ। ਇਸ ਨਿਵੇਕਲੇ ਉਪਰਾਲੇ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਸੰਗਰੂਰ ਵੱਲੋਂ ਸਵੀਪ ਗਤੀਵਿਧੀਆਂ ਅਧੀਨ ਸੁਨਾਮ ਦੇ ਰਹਿਣ ਵਾਲੇ ਮਨਮੋਹਨ ਸਿੰਘ ਨੂੰ ਸਾਇਕਲ ਯਾਤਰਾ ਜ਼ਰੀਏ ਵੋਟਰ ਜਾਗਰੂਕਤਾ ਦਾ ਜ਼ਿੰਮਾ ਸੰਭਾਲਿਆ ਗਿਆ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਸੰਗਰੂਰ ਜ਼ਿਲ੍ਹੇ ਦੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਲਈ ਰੋਜ਼ਾਨਾ ਪੱਧਰ ਤੇ ਸਵੀਪ ਅਧੀਨ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਸੇ ਲੜੀ ਤਹਿਤ ਸਾਇਕਲਿਸਟ ਮਨਮੋਹਨ ਸਿੰਘ ਸੰਗਰੂਰ ਲੋਕ ਸਭਾ ਹਲਕੇ ਸਮੇਤ ਪੰਜਾਬ ਦੇ ਸਾਰੇ 13 ਲੋਕ ਸਭਾ ਹਲਕਿਆਂ ਵਿੱਚ ਸਾਇਕਲ ਯਾਤਰਾ ਜ਼ਰੀਏ ਵੋਟਰਾਂ ਨੂੰ ਵੋਟ ਦੇ ਅਧਿਕਾਰ ਦੀ ਲਾਜ਼ਮੀ ਤੌਰ ਤੇ ਵਰਤੋਂ ਲਈ ਪ੍ਰੇਰਿਤ ਕਰਨਗੇ। ਜ਼ਿਲ੍ਹਾ ਨੋਡਲ ਅਫ਼ਸਰ ਸਵੀਪ-ਕਮ-ਐਸ.ਡੀ.ਐਮ. ਭਵਾਨੀਗੜ੍ਹ ਵਿਨੀਤ ਕੁਮਾਰ ਨੇ ਦੱਸਿਆ ਕਿ ਸਾਇਕਲਿਸਟ ਮਨਮੋਹਨ ਸਿੰਘ ਦੀ ਸੁਵਿਧਾ ਲਈ ਉਨ੍ਹਾਂ ਦੀ ਯਾਤਰਾ ਦੌਰਾਨ ਰਾਤ ਰੁਕਣ ਅਤੇ ਸਿਹਤ ਸੰਭਾਲ ਲਈ ਪੁਖਤਾ ਇੰਤਜ਼ਾਮ ਕਰਵਾਏ ਜਾਣੇ ਯਕੀਨੀ ਬਣਾਏ ਜਾਣਗੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਬਿਨਾਂ ਕਿਸੇ ਲਾਲਚ, ਪ੍ਰਭਾਵ ਜਾਂ ਭੇਦ-ਭਾਵ ਤੋਂ ਵੋਟ ਪਾਉਣ ਲਈ ਉਤਸ਼ਾਹਤ ਕਰਨ ਲਈ ਅਜਿਹੀਆਂ ਗਤੀਵਿਧੀਆਂ ਲਗਾਤਾਰ ਸੰਗਰੂਰ ਜ਼ਿਲ੍ਹੇ ਵਿੱਚ ਜਾਰੀ ਰੱਖੀਆਂ ਜਾਣਗੀਆਂ। ਜ਼ਿਕਰਯੋਗ ਹੈ ਕਿ ਸਾਇਕਲਿੰਗ ਦਾ ਸ਼ੌਕ ਰੱਖਣ ਵਾਲੇ ਮਨਮੋਹਨ ਸਿੰਘ ਨੇ ਇਸ ਯਾਤਰਾ ਤੋਂ ਪਹਿਲਾਂ ਵੀ ਸ੍ਰੀਨਗਰ ਤੋਂ ਲੈਕੇ ਕੰਨਿਆਕੁਮਾਰੀ ਤੱਕ ਦਾ ਲਗਭਗ 3,700 ਕਿਲੋਮੀਟਰ ਦਾ ਸਫ਼ਰ 19 ਦਿਨਾਂ ਵਿੱਚ, ਸੁਨਾਮ ਤੋਂ ਲੇਹ-ਲੱਦਾਖ ਦਾ 1990 ਕਿਲੋਮੀਟਰ ਦਾ ਸਫ਼ਰ 13 ਦਿਨਾਂ ਵਿੱਚ ਤੈਅ ਕੀਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋਂ ਸੁਨਾਮ ਤੋਂ ਚੀਨ ਦੀ ਸਰਹੱਦ ਨਾਲ ਲੱਗਦੇ ਚਿਤਕੁਲ ਘਾਟੀ ਦੇ ਆਖਰੀ ਭਾਰਤੀ ਪਿੰਡ, ਸੁਨਾਮ ਤੋਂ ਹੇਮਕੁੰਟ ਸਾਹਿਬ ਅਤੇ ਸੁਨਾਮ ਤੋਂ ਜੈਪੁਰ ਵਾਇਆ ਸਾਲਾਸਰ ਧਾਮ ਦਾ ਸਫ਼ਰ ਸਾਇਕਲ ਉਪਰ ਕਰਨ ਦੇ ਕਾਰਨਾਮਿਆਂ ਨੂੰ ਅੰਜਾਮ ਦਿੱਤਾ ਗਿਆ ਹੈ।



ਇਸ ਮੌਕੇ ਹੋਰਨਾਂ ਤੋਂ ਇਲਾਵਾ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰੀਤਇੰਦਰ ਘਈ, ਤਹਿਸੀਲਦਾਰ ਚੋਣਾਂ ਪਰਮਜੀਤ ਕੌਰ, ਸਵੀਪ ਸੈੱਲ ਤੋਂ ਕੁਲਵੀਰ ਸਿੰਘ ਅਤੇ ਸੁਨਾਮ ਤੋਂ ਪੰਕਜ ਡੋਗਰਾ ਵੀ ਹਾਜ਼ਰ ਸਨ।

# ਐੱਸਕੇਐੱਮ ਦੀ 21 ਮਈ ਦੀ ਭਾਜਪਾ ਵਿਰੋਧੀ ਜਗਰਾਉਂ ਰੈਲੀ ਵਿੱਚ ਹੋਵੇਗਾ ਰਿਕਾਰਡ ਤੋੜ ਇਕੱਠ :ਮਨਜੀਤ ਧਨੇਰ

**ਜਗਰਾਓਂ**
**ਸਾਂਝੀ ਸੋਚ ਬਿਊਰੋ**

ਅੱਜ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਦੀ ਮਹੀਨਾਵਾਰ ਮੀਟਿੰਗ ਮਨਜੀਤ ਸਿੰਘ ਧਨੇਰ ਦੀ ਪ੍ਰਧਾਨਗੀ ਹੇਠ ਬਰਨਾਲਾ ਦੇ ਤਰਕਸ਼ੀਲ ਭਵਨ ਵਿਖੇ ਹੋਈ। ਮੀਟਿੰਗ ਵਿੱਚ ਕਿਸਾਨਾਂ ਮਜ਼ਦੂਰਾਂ ਦੇ ਹਾਲਾਤ ਅਤੇ ਲੋਕ ਸਭਾ ਚੋਣਾਂ ਬਾਰੇ ਡੂੰਘੀ ਵਿਚਾਰ ਚਰਚਾ ਹੋਈ। ਇਸ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਨੇ ਦੱਸਿਆ ਕਿ ਜਥੇਬੰਦੀ, ਸੰਯੁਕਤ ਕਿਸਾਨ ਮੋਰਚੇ ਦੇ ਇਸ ਨਿਰਣੇ ਨਾਲ ਪੂਰੀ ਤਰ੍ਹਾਂ ਸਹਿਮਤ ਹੈ ਕਿ ਭਾਰਤੀ ਜਨਤਾ ਪਾਰਟੀ ਕਾਰਪੋਰੇਟ ਪੱਖੀ ਅਤੇ ਕਿਸਾਨ ਮਜ਼ਦੂਰ ਵਿਰੋਧੀ, ਫਿਰਕੂ ਤਾਨਾਸ਼ਾਹ ਪਾਰਟੀ ਹੈ ਜੋ ਕਿ ਦੇਸ਼ ਵਿੱਚ ਬਚੀ ਖੁਚੀ ਜਮਹੂਰੀਅਤ ਨੂੰ ਵੀ ਖ਼ਤਮ ਕਰਨ ਲੱਗੀ ਹੋਈ ਹੈ। ਭਾਜਪਾ ਆਪਣੇ ਮੁੱਢ ਤੋਂ ਹੀ ਲੋਕਾਂ ਨੂੰ ਧਰਮਾਂ ਅਤੇ ਜਾਤਾਂ ਵਿੱਚ ਪਾੜ ਕੇ ਵੋਟਾਂ ਪੱਕੀਆਂ ਕਰਨ ਦਾ ਕੁਕਰਮ ਕਰਦੀ ਆ ਰਹੀ ਹੈ ਅਤੇ ਪੰਜਾਬ ਵਿੱਚ ਵੀ ਦਲਿਤਾਂ ਅਤੇ ਕਿਸਾਨਾਂ ਨੂੰ ਆਪਸ ਵਿੱਚ ਲੜਾਉਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ। ਭਾਜਪਾ ਦੀਆਂ ਇਹਨਾਂ ਲੋਕ ਵਿਰੋਧੀ ਚਾਲਾਂ ਨੂੰ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਇਸ ਲਈ ਜਥੇਬੰਦੀ ਵੱਲੋਂ ਭਾਜਪਾ ਦੇ ਲੋਕ ਸਭਾ ਉਮੀਦਵਾਰਾਂ ਦਾ ਜਥੇਬੰਦਕ ਢੰਗ ਨਾਲ ਡਟਵਾਂ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਇਹ ਵਿਰੋਧ ਹੋਰ ਵੀ ਵਧੇਰੇ ਜ਼ੋਰ ਨਾਲ ਕੀਤਾ ਜਾਵੇਗਾ। ਸੂਬਾ ਸੀਨੀਅਰ ਮੀਤ ਪ੍ਰਧਾਨ ਗੁਰਦੀਪ ਰਾਮਪੁਰਾ ਨੇ ਚੋਣਾਂ ਬਾਰੇ ਜਥੇਬੰਦੀ ਦੀ ਸਮਝ ਨੂੰ ਲੀਡਰਸ਼ਿਪ ਦੇ ਹੇਠਲੇ ਹਿੱਸਿਆਂ ਤੱਕ ਲੈ ਕੇ ਜਾਣ ਲਈ ਅਤੇ 21 ਮਈ ਦੀ ਮਹਾਂ ਰੈਲੀ ਦੀ ਤਿਆਰੀ ਲਈ 4 ਮਈ ਨੂੰ ਸੂਬਾ ਪੱਧਰੀ ਵਧਵੀਂ ਮੀਟਿੰਗ ਹੰਢਿਆਇਆ ਵਿਖੇ ਕੀਤੀ ਜਾਵੇਗੀ। ਜਿਸ ਵਿੱਚ ਤਿੰਨ ਸੌ ਤੋਂ ਵੱਧ ਕਿਸਾਨ ਮਰਦ ਅਤੇ ਔਰਤਾਂ ਭਾਗ ਲੈਣਗੇ। 21 ਮਈ ਨੂੰ ਜਗਰਾਉਂ ਵਿਖੇ ਹੋ ਰਹੀ ਸੰਯੁਕਤ ਕਿਸਾਨ ਮੋਰਚੇ ਦੀ ਮਹਾਂ ਰੈਲੀ ਵਿੱਚ ਸ਼ਾਮਲ ਹੋਣ ਲਈ ਜ਼ਿਲ੍ਹਾ ਕਮੇਟੀਆਂ ਦੀਆਂ ਡਿਊਟੀਆਂ ਲਾਈਆਂ ਗਈਆਂ।



ਜਥੇਬੰਦੀ ਵੱਲੋਂ ਛੇ ਹਜ਼ਾਰ ਤੋਂ ਵੱਧ ਕਿਸਾਨ ਮਰਦ ਅਤੇ ਔਰਤਾਂ ਮਹਾਂ ਰੈਲੀ ਵਿੱਚ ਸ਼ਾਮਿਲ ਹੋਣਗੇ। ਕਿਸਾਨ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇਤਮੰਤਰੀਆਂ ਅਤੇ ਮਾਨਸਾ ਜ਼ਿਲ੍ਹੇ ਦੇ ਪ੍ਰਸ਼ਾਸਨ ਵੱਲੋਂ ਵਾਰ ਵਾਰ ਵਾਅਦੇ ਕਰਨ ਦੇ ਬਾਵਜੂਦ ਪਿੰਡ ਕੁੱਲਰੀਆਂ ਦੇ ਕਿਸਾਨਾਂ ਦੀ ਜ਼ਮੀਨ ਦਾ ਮਸਲਾ ਅੱਜ ਤੱਕ ਹੱਲ ਨਹੀਂ ਕੀਤਾ ਗਿਆ। ਇਰਾਦਾ ਕਤਲ ਦੀ ਧਾਰਾ ਲੱਗੀ ਹੋਣ ਦੇ ਬਾਵਜੂਦ ਕੁੱਲਰੀਆਂ ਦੇ ਸਰਪੰਚ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਰਿਹਾ ਉਲਟਾ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਉਸ ਨੂੰ ਆਪਣੇ ਨਾਲ ਚੋਣ ਪ੍ਰਚਾਰ ਤੇ ਲੈ ਕੇ ਜਾਂਦੇ ਹਨ ਅਤੇ ਪਾਰਟੀ ਦੇ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ ਜਾਣ ਬੁੱਝ ਕੇ ਮਸਲੇ ਦੇ ਹੱਲ ਵਿੱਚ ਅੜਿੱਕੇ ਲਾ ਰਹੇ ਹਨ। 28 ਅਪ੍ਰੈਲ ਨੂੰ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਫਿਰ ਜਥੇਬੰਦੀ ਦੀਆਂ ਮੰਗਾਂ ਸਬੰਧੀ ਸੂਬਾਈ ਡੈਲੀਗੇਟ ਨੂੰ ਵਿਸ਼ਵਾਸ ਦਿਵਾਇਆ ਹੈ। ਜੇਕਰ ਪੰਜਾਬ ਸਰਕਾਰ ਨੇ ਆਪਣਾ ਵਾਅਦਾ ਪੂਰਾ ਨਾ ਕੀਤਾ ਤਾਂ ਜਥੇਬੰਦੀ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦਾ ਵਿਰੋਧ ਹੋਰ ਵੀ ਜ਼ੋਰਦਾਰ ਢੰਗ ਨਾਲ ਜਥੇਬੰਦਕ ਕਰੇਗੀ ਤਾਂ ਕਿ ਸਰਕਾਰ ਨੂੰ ਵਾਅਦੇ ਪੂਰੇ ਕਰਨ ਲਈ ਮਜ਼ਬੂਰ ਕੀਤਾ ਜਾ ਸਕੇ। ਇਸ ਮੌਕੇ ਮੀਟਿੰਗ ਵਿੱਚ ਸੂਬਾ ਪ੍ਰੈੱਸ ਸਕੱਤਰ ਅੰਗਰੇਜ਼ ਸਿੰਘ ਭਦੌੜ ਅਤੇ ਸੂਬਾ ਕਮੇਟੀ ਮੈਂਬਰ ਕੁਲਵੰਤ ਸਿੰਘ ਕਿਸ਼ਨਗੜ੍ਹ ਤੋਂ ਇਲਾਵਾ ਜਗੀਰ ਸਿੰਘ ਖਹਿਰਾ, ਗੁਲਜ਼ਾਰ ਸਿੰਘ ਕਬਰਵੱਛਾ, ਜਸਪ੍ਰੀਤ ਸਿੰਘ ਕੁਹਾਰਵਾਲਾ, ਤਰਸੇਮ ਸਿੰਘ ਬੱਸੂਵਾਲ, ਸੁਖਦੇਵ ਸਿੰਘ ਘਰਾਚੋਂ, ਲਖਵੀਰ ਸਿੰਘ ਅਕਲੀਆ, ਗੁਰਦੇਵ ਸਿੰਘ ਮਾਂਗੇਵਾਲ, ਦੇਵੀ ਰਾਮ ਰੰਘੜਿਆਲ , ਸੁਖਚੈਨ ਸਿੰਘ ਨੱਥੂਚਾਹਲ, ਬਿੰਦੂ ਸੁੰਦੜਵਾਲ, ਬਲਬਹਾਦਰ ਸਿੰਘ ਦੀਨਾ ਅਤੇ ਨਿਰਮਲ ਸਿੰਘ ਦੀਨਾ ਸਮੇਤ 13 ਜ਼ਿਲਿਆਂ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਹਾਜ਼ਰ ਸਨ।

# ਜ਼ਿਲ੍ਹਾ ਚੋਣ ਅਫ਼ਸਰ ਜਤਿੰਦਰ ਜੋਰਵਾਲ ਵੱਲੋਂ ਸਮੂਹ ਸਹਾਇਕ ਰਿਟਰਨਿੰਗ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ

**ਸੰਗਰੂਰ**
**ਸਾਂਝੀ ਸੋਚ ਬਿਊਰੋ**

ਜ਼ਿਲ੍ਹਾ ਚੋਣ ਅਫ਼ਸਰ ਜਤਿੰਦਰ ਜੋਰਵਾਲ ਨੇ ਅੱਜ ਸਮੂਹ ਸਹਾਇਕ ਰਿਟਰਨਿੰਗ ਅਧਿਕਾਰੀਆਂ ਨਾਲ ਹੁਣ ਤੱਕ ਲੋਕ ਸਭਾ ਚੋਣਾਂ ਸਬੰਧੀ ਕੀਤੀਆਂ ਗਈਆਂ ਤਿਆਰੀਆਂ ਬਾਰੇ ਵਿਸਤ੍ਰਿਤ ਵਿੱਚ ਸਮੀਖਿਆ ਮੀਟਿੰਗ ਕੀਤੀ। ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਆਦਰਸ਼ ਚੋਣ ਜ਼ਾਬਤੇ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਉਂਦੇ ਹੋਏ ਨਿਰਧਾਰਿਤ ਸ਼ਡਿਊਲ ਅਨੁਸਾਰ ਚੋਣ ਕਾਰਜਾਂ ਨੂੰ ਸਮੇਂ ਸਿਰ ਨੇਪਰੇ ਚੜ੍ਹਾਇਆ ਜਾਵੇ। ਉਨ੍ਹਾਂ 7 ਮਈ ਨੂੰ ਹੋਣ ਵਾਲੇ ਗਜ਼ਟ ਨੋਟੀਫਿਕੇਸ਼ਨ ਤੋਂ ਲੈ ਕੇ ਨਾਮਜ਼ਦਗੀ ਪੱਤਰ ਦਾਖਲ ਕਰਨ ਸਬੰਧੀ ਕੀਤੀ ਜਾਣ ਵਾਲੀ ਸਮੁੱਚੀ ਕਾਰਵਾਈ, ਚੋਣ ਅਮਲੇ ਨੂੰ ਸਿਖਲਾਈ ਦੇਣ ਲਈ ਨਿਰਧਾਰਿਤ ਸਮਾਂ ਸਾਰਣੀ, ਪੋਸਟਲ ਬੈਲਟ,ਵੋਟਰ ਇਨਫਰਮੇਸ਼ਨ ਸਲਿੱਪਾਂ, ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਦਿੱਤੀਆਂ ਜਾਣਕਾਰੀਆਂ, ਈਵੀਐਮ ਦੀ ਸਥਿਤੀ, ਕ੍ਰਿਟੀਕਲ ਤੇ ਵਲਨਰੇਬਲ ਪੋਲਿੰਗ ਸਟੇਸ਼ਨਾਂ,ਸ਼ਿਕਾਇਤਾਂ ਦੇ ਨਿਪਟਾਰੇ,ਸਵੀਪ ਗਤੀਵਿਧੀਆਂ, ਕਾਊਂਟਿੰਗ ਸੈਂਟਰਾਂ ਆਦਿ ਦੇ ਨਾਲ ਨਾਲ ਸੁਰੱਖਿਆ ਵਿਵਸਥਾਵਾਂ, ਰੈਂਡੇਮਾਈਜੇਸ਼ਨ ਪ੍ਰਕਿਰਿਆ, ਆਬਜ਼ਰਵਰਾਂ ਲਈ ਕੀਤੇ ਜਾਣ ਵਾਲੇ ਪ੍ਰਬੰਧਾਂ ਆਦਿ ਬਾਰੇ ਵਿਸਥਾਰ ਵਿੱਚ ਜਾਇਜ਼ਾ ਲਿਆ। ਮੀਟਿੰਗ ਦੌਰਾਨ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਆਕਾਸ਼ ਬਾਂਸਲ, ਸਹਾਇਕ ਰਿਟਰਨਿੰਗ ਅਫ਼ਸਰ ਲਹਿਰਾ ਸੂਬਾ ਸਿੰਘ, ਸਹਾਇਕ ਰਿਟਰਨਿੰਗ ਅਫ਼ਸਰ ਦਿੜ੍ਹਬਾ ਰਾਜੇਸ਼ ਸ਼ਰਮਾ, ਸਹਾਇਕ ਰਿਟਰਨਿੰਗ ਅਫ਼ਸਰ ਸੁਨਾਮ ਪਰਮੋਦ ਸਿੰਗਲਾ, ਸਹਾਇਕ ਰਿਟਰਨਿੰਗ ਅਫ਼ਸਰ ਧੂਰੀ ਅਮਿਤ ਗੁਪਤਾ, ਸਹਾਇਕ ਰਿਟਰਨਿੰਗ ਅਫ਼ਸਰ ਸੰਗਰੂਰ ਚਰਨਜੋਤ ਸਿੰਘ ਵਾਲੀਆ, ਸਹਾਇਕ ਕਮਿਸ਼ਨਰ ਉਪਿੰਦਰਜੀਤ ਕੌਰ ਬਰਾੜ, ਤਹਿਸੀਲਦਾਰ ਚੋਣਾਂ ਪਰਮਜੀਤ ਕੌਰ, ਚੋਣ ਕਾਨੂੰਗੋ ਚਮਕੌਰ ਸਿੰਘ ਵੀ ਹਾਜ਼ਰ ਸਨ।

# ਜ਼ਿਲ੍ਹੇ ਅੰਦਰ 11 ਮਈ ਨੂੰ ਲੱਗੇਗੀ ਕੌਮੀ ਲੋਕ ਅਦਾਲਤ

**ਨਵੀਂ ਦਿੱਲੀ**
**ਸਾਂਝੀ ਸੋਚ ਬਿਊਰੋ**

ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਸ੍ਰੀ ਅਮਿਤ ਕੁਮਾਰ ਗਰਗ ਨੇ 11 ਮਈ, 2024 ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਸਬੰਧੀ ਵੱਖ ਵੱਖ ਬੈਂਕਾਂ ਅਤੇ ਬੀਮਾ ਕੰਪਨੀ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਕੌਮੀ ਲੋਕ ਅਦਾਲਤ ਦਾ ਵੱਧ ਤੋਂ ਵੱਧ ਲਾਹਾ ਲੈਣ ਅਤੇ ਵੱਧ ਤੋਂ ਵੱਧ ਕੇਸ ਕੌਮੀ ਲੋਕ ਅਦਾਲਤ ਵਿੱਚ ਨਿਪਟਾਰੇ ਲਈ ਦਾਇਰ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਵੀ ਕੋਈ ਮੁਫ਼ਤ ਕਾਨੂੰਨੀ ਸੇਵਾਵਾਂ ਦੀ ਲੋੜ੍ਹ ਹੈ ਤਾਂ ਉਹ



ਨੈਸ਼ਨਲ ਹੈਲਪਲਾਈਨ ਨੰਬਰ 15100 ’ਤੇ ਕਾਲ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਸ ਕੌਮੀ ਲੋਕ ਅਦਾਲਤ ’ਚ ਦੋ ਧਿਰਾਂ ਦੀ ਆਪਸੀ ਰਜ਼ਾਮੰਦੀ ਨਾਲ ਝਗੜਿਆਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਲੋਕ ਅਦਾਲਤ ਵਿੱਚ ਇਕ ਦਰਖ਼ਾਸਤ ਦੇ ਕੇ ਹੀ ਆਪਣਾ ਕੇਸ ਲਗਾਇਆ ਜਾ ਸਕਦਾ ਹੈ।


VOTE & SUPPORT
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
SHER SINGH CHUHAN

ARES
LENDING
Residential | Commercial | Investment



ਆਪਣਾ ਘਰ Re-Finance ਜਾਂ ਖ਼ਰੀਦਣਾ

Business ਲੈਣਾ ਜਾਂ Re-Finance ਕਰਨਾ, Working Capital ਲੈਣਾ ਹੈ ਤਾਂ **ARES LANDING Assist** ਕਰ ਸਕਦੀ ਹੈ :




SBA LOAN | FHA LOAN | CONVENTIONAL LOAN | Commercial Loan | PRIVATE LOAN | VA LOAN

ਜੇਕਰ ਤੁਸੀਂ Veteran ਹੋ America ਦੇ ਤਾਂ

ਤੁਹਾਨੂੰ 100% Financing Veteran ਦਾ ਆਪਾ ਦਵਾ ਸਕਦੇ ਹਾਂ

Contact (TONY SINGH ) For More INFO at : (916) 519-7009

DRE#: 01901843 | NMLS: 823070 | DRE# 02188764 | NMLS# 2402240

TRS LDA SERVICES COMPANY

DRE# 02188764 | LDA# 2022-001

Loan ਲੈਣ ਵਿੱਚ ਆਉਂਦੀ ਹੋਵੇ ਮੁਸ਼ਕਿਲ ਤਾਂ TRS LDA SERVICES COMPANY ਕੋਲ ਹੈ Credit Repair ਦਾ ਹਰ ਹੱਲ

Credit ਠੀਕ ਕਰਵਾਉਣਾ ਹੋਵੇ | Credit ਤੇ Negative Items ਹੋਣ | ਜ਼ਿਆਦਾ Enquiries ਹੋਣ

ਤੁਹਾਡਾ LOAN ਪਾਸ ਨਾ ਹੁੰਦਾ ਹੋਵੇ, ਤਾਂ ਅਸੀਂ ਤੁਹਾਡਾ Credit FIX ਕਰਨ ਵਿੱਚ ਮਦਦ ਕਰਦੇ ਹਾਂ
ਤੁਹਾਡਾ Score ਘੱਟ ਹੈ ਤਾਂ ਸਾਡੀ Company Credit Repair ਵੀ ਕਰਦੀ ਹੈ

ਜਾਣਕਾਰੀ ਲਈ ਕਾਲ ਕਰੋ : Credit Analyst : Fatima Fierros : (916) 829-4200


GLOBAL DEFENCE SCHOOL PATIALA
A Unique Boarding School Of Patiala
with Largest Campus
GLOBAL DEFENCE SCHOOL
AIM FOR EXCELLENCE
GLOBAL DEFENCE SCHOOL
Choose to shine LIKE THE RISING SUN.
ADMISSIONS
SESSION 2024-25 OPEN
Nursery to 7th
CBSE PATTERN
" THE BEST CHOICE FOR YOUR KIDS"
Enroll Now
Day Cum Residential School
+91 9872601534, +91 9023433311
admission@globaldefenceschool.com
Nabha-Patiala Road, Rakhra Pincode 147201


ਸ਼੍ਰੋਮਣੀ ਅਕਾਲੀ ਦਲ
VOTE
&
SUPPORT
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ਼੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ਼੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ਼੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
PARWINDER PAL SINGH RATHAUR

# ਸੰਯੁਕਤ ਕਿਸਾਨ ਮੋਰਚੇ ਨੇ ਖਿੱਚੀ 21 ਮਈ ਜਗਰਾਉਂ ਮਹਾਂ ਰੈਲੀ ਦੀ ਤਿਆਰੀ, ਲੱਖਾਂ ਕਿਸਾਨ ਮਜ਼ਦੂਰ ਹੋਣਗੇ ਸ਼ਾਮਿਲ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਅੱਜ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਲ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਚੰਡੀਗੜ੍ਹ ਦੇ ਕਿਸਾਨ ਭਵਨ ਵਿਖੇ ਹੋਈ ਜਿਸ ਦੀ ਪ੍ਰਧਾਨਗੀ ਹਰਿੰਦਰ ਸਿੰਘ ਲੱਖੋਵਾਲ, ਮਨਜੀਤ ਸਿੰਘ ਧਨੇਰ ਅਤੇ ਫੁਰਮਾਨ ਸਿੰਘ ਸੰਧੂ ਨੇ ਕੀਤੀ।

ਮੀਟਿੰਗ ਵਿੱਚ ਸ਼ਾਮਿਲ ਸਾਰੇ ਆਗੂਆਂ ਨੇ ਸੰਯੁਕਤ ਕਿਸਾਨ ਮੋਰਚੇ ਦੇ ਉਸ ਨਿਰਣੇ ਨੂੰ ਫੇਰ ਬੁਲੰਦ ਕੀਤਾ ਕਿ ਭਾਰਤੀ ਜਨਤਾ ਪਾਰਟੀ ਕਾਰਪੋਰੇਟ ਪੱਖੀ, ਕਿਸਾਨ ਮਜ਼ਦੂਰ ਵਿਰੋਧੀ ਅਤੇ ਫੈਡਰਲਿਜਮ ਵਿਰੋਧੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਇਸ ਸਰਕਾਰ ਨੇ ਬਚੀ ਖੁਚੀ ਜਮਹੂਰੀਅਤ ਨੂੰ ਵੀ ਖਤਮ ਕਰਨ ਦਾ ਯਤਨ ਕੀਤਾ ਹੈ ਅਤੇ ਭਵਿੱਖ ਵਿੱਚ ਵੀ ਇਸ ਦੀ ਨੀਅਤ ਸੰਵਿਧਾਨ ਨੂੰ ਬਦਲ ਕੇ ਜਮਹੂਰੀਅਤ ਨੂੰ ਖਤਮ ਕਰਨ ਦੀ ਹੈ।

ਇਸ ਲਈ ਸੰਯੁਕਤ ਕਿਸਾਨ ਮੋਰਚੇ ਨੇ ਭਾਜਪਾ ਹਰਾਉ, ਕਾਰਪੋਰੇਟ ਭਜਾਉ, ਦੇਸ਼ ਬਚਾਓ ਦਾ ਨਾਅਰਾ ਦਿੱਤਾ ਹੋਇਆ ਹੈ। ਇਸੇ ਨਾਅਰੇ ਅਧੀਨ 21 ਮਈ ਨੂੰ ਜਗਰਾਉਂ ਵਿਖੇ ਸੰਯੁਕਤ ਕਿਸਾਨ ਮੋਰਚਾ ਪੰਜਾਬ ਵੱਲੋਂ ਮਹਾਂਰੈਲੀ ਕੀਤੀ ਜਾ ਰਹੀ ਹੈ ਜਿਸ ਵਿੱਚ ਸਾਰੇ ਪੰਜਾਬ ਦੇ ਕੋਨੇ ਕੋਨੇ ਤੋਂ ਕਿਸਾਨ ਮਜ਼ਦੂਰ ਅਤੇ ਬੀਬੀਆਂ ਸ਼ਾਮਲ ਹੋਣਗੀਆਂ। ਇਸ ਮਹਾਂ ਰੈਲੀ ਲਈ ਸਾਰੇ ਪ੍ਰਬੰਧ ਕਰਨ ਦੀਆਂ ਡਿਊਟੀਆਂ ਲਾਈਆਂ ਗਈਆਂ ਅਤੇ ਜਥੇਬੰਦੀਆਂ ਨੇ ਵੱਧ ਤੋਂ ਵੱਧ ਜ਼ੋਰ ਨਾਲ ਸਮੂਲੀਅਤ ਕਰਨ ਦਾ ਤਹੱਈਆ ਕੀਤਾ।

ਸੰਯੁਕਤ ਕਿਸਾਨ ਮੋਰਚੇ ਨੇ ਆਪਣੇ ਸਟੈਂਡ ਨੂੰ ਮੁੜ ਦੁਹਰਾਇਆ ਕਿ ਦਿੱਲੀ ਵਾਲਾ ਇਤਿਹਾਸਕ ਕਿਸਾਨ ਘੋਲ ਸ਼ਾਂਤਮਈ ਰਹਿੰਦਿਆਂ ਜਿੱਤਿਆ ਗਿਆ ਸੀ। ਹੁਣ ਵੀ ਭਾਜਪਾ ਦਾ ਵਿਰੋਧ ਸ਼ਾਂਤਮਈ ਢੰਗ ਨਾਲ ਕੀਤਾ ਜਾਵੇਗਾ।

ਭਾਜਪਾ ਦੇ ਉਮੀਦਵਾਰਾਂ ਵੱਲੋਂ ਪੰਜਾਬ ਵਿੱਚ ਜਾਤਪਾਤੀ ਪੱਤਾ ਖੇਡਣ ਦੀਆਂ ਕੋਸ਼ਿਸ਼ਾਂ ਕਰਨ ਦੀ ਸਖ਼ਤ ਨਿਖੇਧੀ ਕੀਤੀ। ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਲੋਕਾਂ ਨੂੰ ਜਾਤ ਜਾਂ ਧਰਮ ਦੇ ਆਧਾਰ ਤੇ ਲੜਾਉਣ ਦੀਆਂ ਕੋਸ਼ਿਸ਼ਾਂ ਨੂੰ ਸਫਲ ਨਹੀਂ ਹੋਣ ਦੇਵੇਗਾ।

ਇਹ ਵੀ ਮਤਾ ਪਾਸ ਕੀਤਾ ਗਿਆ ਕਿ ਜੇਕਰ ਭਾਜਪਾ ਦਾ ਕੋਈ ਵੱਡਾ ਆਗੂ ਜਿਵੇਂ ਨਰਿੰਦਰ ਮੋਦੀ ਜਾਂ ਅਮਿਤ ਸ਼ਾਹ ਪੰਜਾਬ ਵਿੱਚ ਆਉਂਦਾ ਹੈ ਤਾਂ ਉਸ ਦਾ ਜਿਲ੍ਹਾ ਅਤੇ ਤਹਿਸੀਲ ਪੱਧਰ ਤੇ ਕਾਲੇ ਝੰਡਿਆਂ ਨਾਲ ਰੋਸ ਵਿਖਾਵੇ ਕਰ ਕੇ ਵਿਰੋਧ ਕੀਤਾ ਜਾਵੇਗਾ।

ਇਸ ਮਹਾਂਰੈਲੀ ਦੇ ਪ੍ਰਬੰਧ ਕਰਨ ਲਈ ਸੱਤ ਮੈਂਬਰੀ ਪ੍ਰਬੰਧਕ ਕਮੇਟੀ ਬਣਾਈ ਗਈ। ਮਹਾਂ ਰੈਲੀ ਦੇ ਪ੍ਰਬੰਧਾਂ ਦੀ ਸੁਚੱਜੇ ਢੰਗ ਨਾਲ ਵਿਉਂਤਬੰਦੀ ਕਰਨ ਲਈ ਪ੍ਰਬੰਧਕ ਕਮੇਟੀ ਦੀ ਮੀਟਿੰਗ 11 ਮਈ ਨੂੰ ਜਗਰਾਉਂ ਦੀ ਅਨਾਜ ਮੰਡੀ ਵਿਖੇ 11 ਵਜੇ ਮਾਰਕੀਟ ਕਮੇਟੀ ਦੇ ਦਫਤਰ ਵਿਖੇ ਕੀਤੀ ਜਾਵੇਗੀ। ਇਸ ਤੋਂ ਇਲਾਵਾ ਸਟੇਜ ਸੰਚਾਲਨ ਕਮੇਟੀ ਅਤੇ ਚਾਹ, ਪਾਣੀ, ਲੰਗਰ, ਟੈਂਟ, ਸਪੀਕਰ ਅਤੇ ਦਰੀਆਂ ਵਗੈਰਾ ਦੇ ਪ੍ਰਬੰਧਾਂ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ।

ਪੰਜਾਬ ਸਰਕਾਰ ਨੂੰ ਤਾੜਨਾ ਕੀਤੀ ਗਈ ਕਿ ਮੰਡੀਆਂ ਵਿੱਚ ਬਾਰਦਾਨੇ ਦੀ ਘਾਟ ਪੂਰੀ ਕੀਤੀ ਜਾਵੇ, ਲਿਫਟਿੰਗ ਤੁਰੰਤ ਕਰਵਾਈ ਜਾਵੇ, ਜਿਪਸਮ ਅਤੇ ਜੰਤਰ ਦੇ ਬੀਅ ਦਾ ਤੁਰੰਤ ਪ੍ਰਬੰਧ ਕੀਤਾ ਜਾਵੇ ਨਹੀਂ ਤਾਂ ਪੰਜਾਬ ਸਰਕਾਰ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ।


ਇਸ ਮੌਕੇ ਬਲਵੀਰ ਸਿੰਘ ਰਾਜੇਵਾਲ, ਹਰਿੰਦਰ ਸਿੰਘ ਲੱਖੋਵਾਲ, ਬੂਟਾ ਸਿੰਘ ਬੁਰਜਗਿੱਲ, ਰੁਲਦੂ ਸਿੰਘ ਮਾਨਸਾ, ਹਰਮੀਤ ਸਿੰਘ ਕਾਦੀਆਂ, ਰਮਿੰਦਰ ਸਿੰਘ ਪਟਿਆਲਾ, ਹਰਜਿੰਦਰ ਸਿੰਘ ਟਾਂਡਾ, ਬੋਘ ਸਿੰਘ ਮਾਨਸਾ, ਪ੍ਰੇਮ ਸਿੰਘ ਭੰਗੂ, ਡਾ.ਸਤਨਾਮ ਸਿੰਘ ਅਜਨਾਲਾ, ਬਲਵਿੰਦਰ ਸਿੰਘ ਮੱਲ੍ਹੀ ਨੰਗਲ, ਮਨਜੀਤ ਸਿੰਘ ਧਨੇਰ, ਅਵਤਾਰ ਸਿੰਘ ਮਹਿਮਾਂ, ਬਿੰਦਰ ਸਿੰਘ ਗੋਲੇਵਾਲ, ਹਰਦੇਵ ਸਿੰਘ ਸੰਧੂ, ਸੁਖਦੇਵ ਸਿੰਘ ਰਾਈਆਂ ਵਾਲਾ, ਫੁਰਮਾਨ ਸਿੰਘ ਸੰਧੂ, ਕੁਲਦੀਪ ਸਿੰਘ ਵਜੀਦਪੁਰ, ਜੰਗਵੀਰ ਸਿੰਘ ਚੌਹਾਨ, ਨਛੱਤਰ ਸਿੰਘ ਜੈਤੋ, ਬਲਦੇਵ ਸਿੰਘ ਨਿਹਾਲਗੜ੍ਹ ਅਤੇ ਸੁੱਖ ਗਿੱਲ ਮੋਗਾ ਹਾਜਰ ਸਨ ।

# ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਅੰਮ੍ਰਿਤਸਰ ਸਲਾਨਾ 30 ਲੱਖ ਯਾਤਰੀਆਂ ਦੀ ਸੂਚੀ 'ਚ ਸ਼ਾਮਲ

ਅੰਮ੍ਰਿਤਸਰ
ਡਾ.ਰਾਜਿੰਦਰ ਰਿਖੀ

ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਨੇ 31 ਮਾਰਚ ਨੂੰ ਖਤਮ ਹੋਏ 2023-24 ਵਿੱਤੀ ਵਰ੍ਹੇ ਦੌਰਾਨ 3 ਮਿਲੀਅਨ (30-ਲੱਖ) ਯਾਤਰੀਆਂ ਦੀ ਗਿਣਤੀ ਨੂੰ ਪਾਰ ਕਰਕੇ ਇੱਕ ਨਵਾਂ ਕੀਰਤੀਮਾਨ ਸਥਾਪਤ ਕੀਤਾ ਹੈ। ਇਸ ਸੰਬੰਧੀ ਜਾਣਕਾਰੀ, ਅੰਮ੍ਰਿਤਸਰ ਹਵਾਈ ਅੱਡੇ ਦੇ ਹਵਾਈ ਸੰਪਰਕ ਨੂੰ ਵਧਾਉਣ ਅਤੇ ਉਤਸ਼ਾਹਿਤ ਕਰਨ ਲਈ ਯਤਨਸ਼ੀਲ ਗਲੋਬਲ ਐਡਵੋਕੇਸੀ ਗਰੁੱਪ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਸਾਂਝੀ ਕੀਤੀ ਹੈ। ਗੁਮਟਾਲਾ ਅਨੁਸਾਰ, ਮਾਰਚ 2024 ਲਈ ਏਅਰਪੋਰਟ ਅਥਾਰਟੀ ਆਫ ਇੰਡੀਆ ਦੁਆਰਾ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਅੰਮ੍ਰਿਤਸਰ ਹਵਾਈ ਅੱਡੇ ਤੋਂ ਵਿੱਤੀ ਸਾਲ 2023-24 (1 ਅਪ੍ਰੈਲ ਤੋਂ 31 ਮਾਰਚ ਤੱਕ) ਦੌਰਾਨ 30,85,598 ਯਾਤਰੀਆਂ ਨੇ ਹਵਾਈ ਸਫਰ ਕੀਤਾ। ਇਹ ਨੰਬਰ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 22.6% ਪ੍ਰਤੀਸ਼ਤ ਵੱਧ ਹਨ, ਜੱਦ ਕਿ ਇੱਥੋਂ ਕੁੱਲ 25,16,518 ਯਾਤਰੀਆਂ ਨੇ ਉਡਾਣ ਭਰੀ ਸੀ। ਇਸ ਵਿੱਚ 9,81,405 ਅੰਤਰਰਾਸ਼ਟਰੀ ਅਤੇ 21,04,193 ਘਰੇਲੂ ਯਾਤਰੀ ਸ਼ਾਮਲ ਹਨ। ਇਹ ਅੰਕੜੇ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ ਅੰਤਰਰਾਸ਼ਟਰੀ ਯਾਤਰੀਆਂ ਦੀ ਗਿਣਤੀ ਵਿੱਚ 30% ਅਤੇ ਘਰੇਲੂ ਯਾਤਰੀਆਂ ਵਿੱਚ 19.5% ਦਾ ਵਾਧਾ ਦਰਸਾਉਂਦਾ ਹੈ। ਇਨੀਸ਼ੀਏਟਿਵ ਦੁਆਰਾ ਕੀਤੇ ਗਏ ਅੰਕੜਿਆਂ ਦੇ ਵਿਸਤ੍ਰਿਤ ਵਿਸ਼ਲੇਸ਼ਣ ਤੋਂ ਇਹ ਵੀ ਪਤਾ ਲੱਗਾ ਹੈ ਕਿ ਕੁੱਲ ਯਾਤਰੀਆਂ ਦੀ ਗਿਣਤੀ ਦੇ ਮਾਮਲੇ ਵਿੱਚ ਅੰਮ੍ਰਿਤਸਰ ਹੁਣ ਹਵਾਈ ਯਾਤਰੀਆਂ ਦੀ ਕੁੱਲ ਗਿਣਤੀ 'ਚ 25ਵੇਂ ਸਥਾਨ ਤੋਂ 23ਵੇਂ ਸਥਾਨ 'ਤੇ ਪਹੁੰਚ ਗਿਆ ਹੈ। ਏਅਰਪੋਰਟ ਅਥਾਰਟੀ ਦੁਆਰਾ ਹਰ ਮਹੀਨੇ ਜਾਰੀ ਕੀਤੇ ਗਏ ਅੰਕੜਿਆਂ ਵਿੱਚ ਕੁੱਲ 40 ਅੰਤਰਰਾਸ਼ਟਰੀ ਅਤੇ 95 ਘਰੇਲੂ ਹਵਾਈ ਅੱਡੇ ਸ਼ਾਮਲ ਹਨ। ਹਵਾਈ ਅੱਡੇ 'ਤੋਂ ਜਹਾਜ਼ਾਂ ਦੀ ਆਵਾਜਾਈ ਵਿੱਚ ਵੀ 10.9% ਵਾਧਾ ਹੋਇਆ, ਜੋ ਕਿ ਵਿੱਤੀ ਸਾਲ 2022-23 ਦੌਰਾਨ ਕੁੱਲ 19,251 ਤੋਂ ਵਧ ਕੇ ਵਿੱਤੀ ਸਾਲ 2023-24 ਦੌਰਾਨ 21,648 ਹੋ ਗਈ। ਯਾਤਰੀ ਅਤੇ ਹਵਾਈ ਜਹਾਜ਼ਾਂ ਦੀ ਆਵਾਜਾਈ ਵਿੱਚ ਇਹ ਵਾਧਾ ਸ਼ੁਰੂ ਹੋਈਆਂ ਨਵੀਆਂ ਅੰਤਰਰਾਸ਼ਟਰੀ ਤੇ ਘਰੇਲੂ ਉਡਾਣਾਂ ਅਤੇ ਪਹਿਲਾਂ ਤੋਂ ਹੀ ਚੱਲ ਰਹੀਆਂ ਉਡਾਣਾਂ 'ਚ ਵੱਧ ਯਾਤਰੀਆਂ ਵੱਲੋਂ ਸਫਰ ਕਾਰਨ ਹੋਇਆ ਹੈ। ਗੁਮਟਾਲਾ ਨੇ ਅੱਗੇ ਦੱਸਿਆ ਕਿ ਮਾਰਚ 2024 ਵਿੱਚ, ਅੰਮ੍ਰਿਤਸਰ ਹਵਾਈ ਅੱਡੇ ਤੋਂ ਕੁੱਲ 3,16,495 ਯਾਤਰੀਆਂ ਨੇ ਉਡਾਣ ਭਰੀ ਜਿਸ ਵਿੱਚ 2,17,495 ਘਰੇਲੂ ਅਤੇ 99,000 ਅੰਤਰਰਾਸ਼ਟਰੀ ਯਾਤਰੀ ਸਨ। ਇਹ ਗਿਣਤੀ ਮਾਰਚ 2023 ਦੇ ਮੁਕਾਬਲੇ 22.6% ਵੱਧ ਹੈ। ਅੰਕੜਿਆਂ ਤੋਂ ਸਾਹਮਣੇ ਆਇਆ ਕਿ ਏਅਰਪੋਰਟ ਦੇ ਇਤਿਹਾਸ ਵਿੱਚ ਦਸੰਬਰ 2023 ਵਿੱਚ 3,38,512 ਯਾਤਰੀਆਂ ਤੋਂ ਬਾਦ ਇਹ ਦੂਜੀ ਸੱਭ ਤੋਂ ਵੱਡੀ ਗਿਣਤੀ ਹੈ। ਵਰਤਮਾਨ ਵਿੱਚ ਅੰਮ੍ਰਿਤਸਰ ਹਵਾਈ ਅੱਡੇ ਦਾ ਸੰਪਰਕ ਦੁਬਈ, ਸ਼ਾਰਜਾਹ, ਦੋਹਾ, ਰੋਮ, ਮਿਲਾਨ, ਲੰਡਨ ਗੈਟਵਿਕ, ਬਰਮਿੰਘਮ, ਸਿੰਗਾਪੁਰ ਅਤੇ ਕੁਆਲਾਲੰਪੁਰ ਸਮੇਤ 9 ਅੰਤਰਰਾਸ਼ਟਰੀ ਅਤੇ 13 ਘਰੇਲੂ ਹਵਾਈ ਅੱਡਿਆਂ ਨਾਲ ਜੁੜਿਆ ਹੋਇਆ ਹੈ। ਇੱਥੋਂ ਰੋਜ਼ਾਨਾਂ ਔਸਤਨ 10,000 ਤੋਂ ਵੱਧ ਯਾਤਰੀ ਉਡਾਣਾਂ ਲੈਂਦੇ ਹਨ ਅਤੇ ਲਗਭਗ 65 ਉਡਾਣਾਂ ਦੀ ਰਵਾਨਗੀ ਅਤੇ ਆਮਦ ਹੁੰਦੀ ਹੈ।

ਗੁਮਟਾਲਾ ਨੇ ਹਵਾਈ ਅੱਡੇ ਤੋਂ ਯਾਤਰੀਆਂ ਦੀ ਆਵਾਜਾਈ 30 ਲੱਖ ਪਾਰ ਕਰਨ ਨਾਲ ਇਹ ਆਸ ਪ੍ਰਗਟਾਈ ਕਿ ਇੱਥੋਂ ਹੁਣ ਹੋਰ ਏਅਰਲਾਈਨਾਂ ਵੀ ਆਕਰਸ਼ਿਤ ਹੋਣਗੀਆਂ। ਉਨ੍ਹਾਂ ਨੇ ਇਸ ਮੀਲ ਪੱਥਰ ਨੂੰ ਹਾਸਲ ਕਰਨ ਵਿੱਚ ਸਹਿਯੋਗ ਦੇਣ ਲਈ ਯਾਤਰੀਆਂ, ਵਿਦੇਸ਼ ਵੱਸਦੇ ਪੰਜਾਬੀ ਭਾਈਚਾਰੇ, ਏਅਰਲਾਈਨ ਅਤੇ ਏਅਰਪੋਰਟ ਅਥਾਰਟੀ ਸਮੇਤ ਸਾਰੇ ਹਿੱਸੇਦਾਰਾਂ ਦਾ ਧੰਨਵਾਦ ਕੀਤਾ। ਵਾਧੇ ਦੇ ਨਾਲ ਨਾਲ, ਗੁਮਟਾਲਾ ਨੇ ਪੰਜਾਬ ਦੇ ਹੋਰ ਸ਼ਹਿਰਾਂ ਨਾਲ ਬੱਸ ਸੇਵਾ ਸ਼ੁਰੂ ਕਰਨ ਦੀ ਲੰਮੇ ਸਮੇਂ ਤੋਂ ਚੱਲ ਰਹੀ ਮੰਗ ਨੂੰ ਉਜਾਗਰ ਕੀਤਾ, ਜਿਸ ਨੂੰ ਰਾਜ ਸਰਕਾਰ ਨੇ ਅਜੇ ਤੱਕ ਪੂਰਾ ਨਹੀਂ ਕੀਤਾ ਹੈ। ਉਨ੍ਹਾਂ ਨਿਰਾਸ਼ਾ ਪ੍ਰਗਟ ਕੀਤੀ ਕਿ ਬੱਸ ਸੇਵਾ ਸ਼ੁਰੂ ਕਰਨ ਦੀ ਬਜਾਏ ਪੰਜਾਬ ਦੀ ਮਾਨ ਸਰਕਾਰ ਪੰਜਾਬ ਦੇ ਸ਼ਹਿਰਾਂ ਤੋਂ ਦਿੱਲੀ ਹਵਾਈ ਅੱਡੇ ਤੱਕ ਬੱਸ ਸੰਪਰਕ ਨੂੰ ਵਧਾ ਅਤੇ ਉਤਸ਼ਾਹਤ ਕਰ ਰਹੀ ਹੈ।




# PAL FILMS & PHOTO BOOKS

*All Your Photo/Videography & Post Production needs Under One Roof*



Music Video | Pre Shoots | Weddings | Birthdays | Graduations
Stage Shows Or Any Kind Of Events | Customize Photobooks (upto 6 feet)
Video Editing VFX/DI/CC & Much More....

*Full Photo & Videography studio with Green Screen Blue Screen*

**PH: 925 489 3400, 341 356 1517**

**Email: palfilms@yahoo.com, palfilms925@gmail.com, www.palfilms.com**

**4007 Railroad Ave
Pittsburgh, CA 94565**


Sanjha Punjab USA
Presents
Dr. Mamta Joshi
Sufi Gazal
MAY 4 SAT
AT
7:00 PM
LIVE
CONCERT
VENUE :
ANTUN'S
BY
MINAR
244 West Old Country Road Hicksville, New York 11801
Show Booking your City
Balwinder Singh Bajwa
Ph : 516-852-2222
SANJHA
ਪੰਜਾਬ
USA
www.sanjhapunjabusa.us | sanjhapunjabusa@gmail.com


VOTE & SUPPORT
ਸ਼੍ਰੋਮਣੀ ਅਕਾਲੀ ਦਲ
ਸ਼੍ਰੋਮਣੀ ਅਕਾਲੀ ਦਲ
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ਼੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ਼੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ਼੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
RAVINDER SINGH BOYAL


SINCE 1990
BAGGA
PALACE
ਇੱਕੋ ਥਾਂ 'ਤੇ ਪਿਛਲੇ 1990 ਤੋਂ
ਤੁਹਾਡੀ ਸੇਵਾ ਕਰ ਰਹੇ ਹਨ
ਖਰੀਦੋ ਮਨਪਸੰਦ ਸੋਨੇ ਦੇ ਗਹਿਣੇ
ਨਵੇਂ ਤੋਂ ਨਵੇਂ ਡਿਜ਼ਾਈਨ
ਸ਼ੁੱਧਤਾ ਦੀ 100% ਗਾਰੰਟੀ
22 ਕੈਰੇਟ ਸੋਨੇ ਦੇ ਗਹਿਣੇ
We buy Gold
ਸੋਨੇ ਦੇ ਗਹਿਣੇ ਖਰੀਦਣ, ਵੇਚਣ ਅਤੇ ਪੁਰਾਣੇ ਸੋਨੇ ਬਦਲੇ
ਨਵਾਂ ਸੋਨਾ ਲੈਣ ਲਈ ਸੰਪਰਕ ਕਰੋ
Ph.: (916) 393-1872, (916) 678-9312
Monday to Sunday (open) | Tuesday ( closed )
(closed)
ADDRESS : 6620 FLORIN ROAD, SACRAMENTO , CA 95828

## ਸੱਦਾ ਪੱਤਰ

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਰਜਿ.)

ਸੈਕਰਾਮੈਂਟੋ/ਯੂਬਾ ਸਿਟੀ

ਵੱਲੋਂ 20ਵੀਂ

# ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ

## ਮਈ 19, ਐਤਵਾਰ, 2024, ਸਵੇਰੇ 9 ਵਜੇ ਤੋਂ 6 ਵਜੇ ਤੱਕ

**ਸਥਾਨ : Pooja Restaurant, 1223 Merkely Ave. West Sacramento, 95691**

### ਪ੍ਰੋਗਰਾਮ

- ਉਦਘਾਟਨ : 9.00 ਵਜੇ ਸਵੇਰੇ
- ਕਵੀ ਸੰਮੇਲਨ : 11.00 ਵਜੇ
- ਦੁਪਹਿਰ ਦਾ ਖਾਣਾ : 1.30 ਵਜੇ
- ਪੰਜਾਬੀ ਸਾਹਿਤ ਵਿਚਾਰ ਵਟਾਂਦਰਾ : 2.00 ਵਜੇ
- ਗੀਤ ਸੰਗੀਤ : 5.00 ਵਜੇ ਸ਼ਾਮ

ਆਪ ਜੀ ਨੂੰ ਬੇਨਤੀ ਹੈ ਕਿ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ 20ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਮਿਤੀ 19 ਮਈ, 2024 ਨੂੰ ਹੋ ਰਹੀ ਹੈ। ਇਸ ਮੌਕੇ ਪੰਜਾਬੀ ਸਾਹਿਤ ਬਾਰੇ ਪਰਚੇ ਪੜ੍ਹੇ ਜਾਣਗੇ। ਕਵੀ ਸੰਮੇਲਨ ਹੋਵੇਗਾ। ਪੰਜਾਬੀ ਮਾਂ ਬੋਲੀ ਬਾਰੇ ਵਿਚਾਰ ਚਰਚਾ ਹੋਵੇਗੀ। ਇਸ ਤੋਂ ਇਲਾਵਾ ਗੀਤ-ਸੰਗੀਤ ਹੋਵੇਗਾ। ਆਪ ਜੀ ਨੂੰ ਬੇਨਤੀ ਹੈ ਕਿ ਆਪ ਇਸ ਮੌਕੇ ਪਹੁੰਚ ਕੇ ਕਾਨਫਰੰਸ ਦੀ ਰੌਣਕ ਨੂੰ ਵਧਾਉ।

ਦਲਵੀਰ 'ਦਿਲ' ਨਿੱਜਰ
ਪ੍ਰਧਾਨ
916-628-2210

ਉਡੀਕਵਾਨ :
**ਸਮੁੱਚੀ ਪੰਜਾਬੀ ਸਾਹਿਤ ਸਭਾ, ਕੈਲੀਫੋਰਨੀਆ**

ਗੁਰਜਤਿੰਦਰ ਸਿੰਘ ਰੰਧਾਵਾ
ਜਨਰਲ ਸਕੱਤਰ
916-320-9444

---

*Invitation by*

# Punjabi Sahit Sabha, California

*Sacramento/Yuba City*

*20th*

# *International Punjabi Conference*

***Place: Pooja Restaurant, 1223 Merkely Ave. West Sacramento, 95691***

### *Programme*

- Opening Ceremony: 9am
- Poetry (Kavi Sammelan): 11am
- Lunch: 1:30pm
- Discussions on Punjabi Language: 2pm
- Cultural Program: 5pm onwards.

You are cordially Invited to the International 20th Punjabi Conference of Punjabi Sahit Sabha, California to be held on May 19, 2024. Scholars of Punjabi Language and Literature will present their papers. There will be a poetry session, discussions and a Musical night. We hope you will grace the occasion with your presence.

**Dalvir 'Dil' Nijjar**
President
916-628-2210

*With Best Complements from*
*All Members*
*Punjabi Sahit Sabha, California*

**Gurjatinder Singh Randhawa**
General Secretary
916-320-9444

WE HAVE THE CHEAPEST FARES TO INDIA

LEGEND TRAVEL

arc accredited agency
CST # 207524-40

Special Fares To India From West-coast (us) On Air India Direct Flights





JATINDER SINGH

LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA



SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

# ਮਜ਼ਦੂਰ ਦਿਵਸ ਦੀ ਮਹਾਨਤਾ

ਸੰਸਾਰ ਵਿੱਚ ਕਿਰਤੀ ,ਕਾਮੇ ਜਾਂ ਮਜ਼ਦੂਰ ਛੋਟੀ ਤੋਂ ਛੋਟੀ ਇਕਾਈ ਤੋਂ ਲੈਕੇ ਵੱਡੇ ਤੋਂ ਵੱਡੇ ਨਿਰਮਾਣ ਤੱਕ ਦਾ ਦਾ ਥੰਮ੍ਹ ਹੁੰਦੇ ਹਨ।ਜੇ ਸਾਰੀ ਦੁਨੀਆਂ ਅਮੀਰ ਅਤੇ ਸਰਮਾਏਦਾਰ ਲੋਕਾਂ ਦੀ ਬਣ ਜਾਵੇ ਤਾਂ ਦੁਨੀਆਂ ਦੇ ਦਰਵਾਜ਼ਿਆਂ ਦੇ ਮੂੰਹ ਬੰਦ ਗਲੀਆਂ ਵੱਲ ਹੋ ਜਾਣਗੇ। ਸਾਰੀ ਦੁਨੀਆਂ ਦੀ ਪ੍ਰਗਤੀ ਇਹਨਾਂ ਥੰਮ੍ਹਾਂ ਉੱਪਰ ਹੀ ਖੜ੍ਹੀ ਹੈ ਕਿਉਂਕਿ ਕਿਸੇ ਵੀ ਸਮਾਜ ਵਿੱਚ, ਦੇਸ਼ ਵਿੱਚ, ਸੰਸਥਾ ਵਿੱਚ, ਅਤੇ ਉਦਯੋਗ ਵਿੱਚ ਕਿਰਤੀਆਂ,ਮਜ਼ਦੂਰਾਂ, ਕਾਮਿਆਂ ਅਤੇ ਮਿਹਨਤਕਸ਼ ਲੋਕਾਂ ਦਾ ਅਹਿਮ ਰੋਲ ਹੁੰਦਾ ਹੈ। ਉਹਨਾਂ ਦੀ ਵੱਡੀ ਗਿਣਤੀ ਆਪਣੇ ਆਪਣੇ ਖ਼ੇਤਰ ਦੀ ਕਾਮਯਾਬੀ ਲਈ ਹੱਥੀਂ ਕਿਰਤ ਨਾਲ, ਅਕਲ ਨਾਲ, ਗਿਆਨ ਨਾਲ ਅਤੇ ਤਨਦੇਹੀ ਨਾਲ ਜੀ ਜਾਨ ਲਗਾ ਰਹੀ ਹੁੰਦੀ ਹੈ। ਕਿਸੇ ਵੀ ਖੇਤਰ ਦੀ ਕਾਮਯਾਬੀ ਲਈ ਮਾਲਕ, ਸਰਮਾਏਦਾਰ ਅਤੇ ਸਰਮਾਇਆ, ਕਾਮੇ ਅਤੇ ਸਰਕਾਰ ਨਿਰਮਾਣ ਪੱਖ ਹੁੰਦੇ ਹਨ। ਕਾਮਿਆਂ ਜਾਂ ਕਿਰਤੀਆਂ ਤੋਂ ਬਿਨਾਂ ਕੋਈ ਵੀ ਸਨਅਤੀ ਢਾਂਚਾ ਨਾ ਖੜਾ ਕੀਤਾ ਜਾ ਸਕਦਾ ਹੈ ਨਾ ਕੀਤਾ ਹੋਇਆ ਖੜ੍ਹਾ ਢਾਂਚਾ ਖੜ੍ਹਾ ਰਹਿ ਸਕਦਾ ਹੈ।


ਸਿੱਖ ਧਰਮ ਵਿੱਚ ਤਾਂ ਕਿਰਤ ਅਤੇ ਕਿਰਤੀ ਦੀ ਅਹਿਮੀਅਤ ਦੇ ਗੁਣਗਾਨ ਕਰਕੇ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਕਿਰਤ ਕਰਨ ਤੇ ਜ਼ੋਰ ਦਿੱਤਾ ਸੀ। ਭਾਈ ਲਾਲੋ ਦੀ ਉਦਾਹਰਣ ਦੇ ਕੇ ਸੱਚੀ ਦਸਾਂ ਨੌਹਾਂ ਦੀ ਕਿਰਤ ਕਰਨ ਦੀ ਸਿੱਖਿਆ ਦਿੱਤੀ ਸੀ।ਜੇ ਆਪਾਂ ਮਈ ਦਿਵਸ ਜਾਂ ਮਜ਼ਦੂਰ ਦਿਵਸ ਦੀ ਗੱਲ ਕਰੀਏ ਤਾਂ ਇਹ ਦਿਵਸ ਵੀ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦੀ ਪੈਰਵੀ ਕਰਦਾ ਹੈ।ਇਹ ਦਿਨ ਵੀ ਕਿਰਤੀਆਂ, ਕਾਮਿਆਂ ਅਤੇ ਮਜ਼ਦੂਰਾਂ ਨੂੰ ਸਮਰਪਿਤ ਦਿਵਸ ਹੈ। ਚਾਹੇ ਇਸ ਦਾ ਇਤਿਹਾਸਕ ਪਿਛੋਕੜ ਹੋਰ ਰਿਹਾ ਹੋਵੇਗਾ ਪਰ ਸਿਧਾਂਤ ਉਹੀ ਹੈ।

ਭਾਰਤ ਵਿੱਚ ਸਭ ਤੋਂ ਪਹਿਲਾਂ ਮਦਰਾਸ ਵਿੱਚ ਇੱਕ ਮਈ1923 ਨੂੰ ਮਨਾਉਣਾ ਸ਼ੁਰੂ ਕੀਤਾ ਗਿਆ ਸੀ। ਉਸ ਸਮੇਂ ਇਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕਰ ਲਿਆ ਗਿਆ ਸੀ। ਇਸ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਸ਼ੁਰੂ ਕੀਤੀ ਸੀ।ਮਦਰਾਸ ਦੇ ਹਾਈਕੋਰਟ ਸਾਹਮਣੇ ਇੱਕ ਵੱਡਾ ਮੁਜ਼ਾਹਰਾ ਕਰ ਕੇ ਇੱਕ ਮਤਾ ਪਾਸ ਕਰ ਕੇ ਇਹ ਸਹਿਮਤੀ ਬਣਾਈ ਗਈ ਕਿ ਇਸ ਦਿਵਸ ਨੂੰ ਭਾਰਤ ਵਿੱਚ ਵੀ ਕਾਮੇ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਛੁੱਟੀ ਦਾ ਐਲਾਨ ਕੀਤਾ ਜਾਵੇ। ਇਸ ਦਿਨ, ਪਹਿਲੀ ਵਾਰ, ਮਜ਼ਦੂਰ ਦਿਵਸ ਦੇ ਪ੍ਰਤੀਕ ਵਜੋਂ ਲਾਲ ਝੰਡੇ ਦੀ ਵਰਤੋਂ ਕੀਤੀ ਗਈ ਸੀ।

ਪਹਿਲਾਂ ਜਦ ਕਿ ਇਸਦੀ ਸ਼ੁਰੂਆਤ 1886 ਵਿੱਚ ਸ਼ਿਕਾਗੋ ਵਿੱਚ ਉਸ ਸਮੇਂ ਹੋਈ ਸੀ, ਜਦੋਂ ਮਜ਼ਦੂਰਾਂ ਦੇ ਹੋ ਰਹੇ ਸ਼ੋਸ਼ਣ ਨੂੰ ਰੋਕਣ ਲਈ ਮਜ਼ਦੂਰ ਇਕੱਠੇ ਹੋਕੇ ਮੰਗ ਕਰ ਰਹੇ ਸਨ ਕਿ ਇੱਕ ਦਿਹਾੜੀ ਵਿੱਚ ਕੰਮ ਦੇ 8 ਘੰਟੇ ਹੋਣ ਅਤੇ ਹਫਤੇ ਵਿੱਚ ਇੱਕ ਦਿਨ ਦੀ ਛੁੱਟੀ ਹੋਵੇ।ਇਸ ਦੌਰਾਨ ਇੱਕ ਅਣਪਛਾਤੇ ਵਿਅਕਤੀ ਨੇ ਬੰਬ ਚਲਾ ਦਿੱਤਾ ਅਤੇ ਬਾਅਦ ਵਿੱਚ ਪੁਲਿਸ ਫਾਈਰਿੰਗ ਵਿੱਚ ਕੁਝ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਕੁਝ ਪੁਲਿਸ ਵਾਲੇ ਵੀ ਮਾਰੇ ਗਏ। ਇਸਤੋਂ ਬਾਅਦ 1889 ਵਿੱਚ ਪੈਰਿਸ ਵਿੱਚ ਅੰਤਰਰਾਸ਼ਟਰੀ ਮਹਾਂਸਭਾ ਦੀ ਦੂਜੀ ਬੈਠਕ ਵਿੱਚ ਫਰੈਂਚ ਕ੍ਰਾਂਤੀ ਨੂੰ ਯਾਦ ਕਰਦੇ ਹੋਏ ਇੱਕ ਪ੍ਰਸਤਾਵ ਪਾਸ ਕੀਤਾ ਗਿਆ ਕਿ ਇਸਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਦੇ ਰੂਪ ਵਿੱਚ ਮਨਾਇਆ ਜਾਵੇ। ਭਾਰਤ ਸਮੇਤ ਲਗਪਗ 80 ਮੁਲਕਾਂ ਵਿੱਚ ਇਹ ਦਿਵਸ ਪਹਿਲੀ ਮਈ ਨੂੰ ਮਨਾਇਆ ਜਾਂਦਾ ਹੈ। ਹੁਣ ਇਸ ਦਿਨ ਨੂੰ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਜੇ ਮਜ਼ਦੂਰਾਂ ਜਾਂ ਕਿਰਤੀਆਂ ਦੇ ਹੱਕਾਂ ਤੇ ਝਾਤੀ ਮਾਰੀਏ ਤਾਂ ਸਮੇਂ ਸਮੇਂ ਤੇ ਉਹਨਾਂ ਦੇ ਹੱਕਾਂ ਨੂੰ ਕੁਚਲਣ ਲਈ ਸਰਮਾਏਦਾਰ ਲੋਕਾਂ ਵੱਲੋਂ ਮਜ਼ਦੂਰਾਂ ਨੂੰ ਵੀ ਦੋ ਧੜਿਆਂ ਵਿੱਚ ਵੰਡ ਕੇ ਇੱਕ ਧੜਾ ਆਪਣੇ ਨਾਲ ਖੜ੍ਹਾ ਕਰਕੇ ਕਈ ਹੱਥਕੰਡੇ ਅਪਨਾਏ ਜਾਂਦੇ ਰਹੇ ਹਨ। ਕਿਰਤੀਆਂ ਨੂੰ ਆਪਣੇ ਇਤਿਹਾਸ ਨੂੰ ਜਾਨਣਾ, ਆਪਣੀ ਤਾਕਤ ਨੂੰ ਪਹਿਚਾਨਣਾ ਪਵੇਗਾ, ਆਪਣੀ ਆਪਣੀ ਆਪਣੀ ਸ਼੍ਰੇਣੀ ਦੇ ਆਧਾਰ ’ਤੇ ਇੱਕਮੁੱਠ ਹੋ ਕੇ ਸਰਮਾਏਦਾਰਾਂ ਜਾਂ ਮਾਲਕਾਂ ਦੀ ਗੁਲਾਮੀ ਖ਼ਿਲਾਫ਼ ਲੜਨ ਲਈ ਇੱਕਮੁੱਠ ਹੋਣਾ ਪਵੇਗਾ । ਬੇਸ਼ੱਕ ਸਰਕਾਰ ਵਲੋਂ ਮਜ਼ਦੂਰਾਂ ਦੀ ਭਲਾਈ ਲਈ ਵੱਖ ਵੱਖ ਵਿਭਾਗ ਬਣਾਏ ਗਏ ਹਨ ਪਰ ਮਜ਼ਦੂਰਾਂ ਦੇ ਇਨਸਾਫ਼ ਅਤੇ ਭਲਾਈ ਲਈ ਬਣਾਏ ਗਏ ਬੋਰਡ ਅਤੇ ਵਿਭਾਗ ਵੀ ਬਹੁਤੀ ਵਾਰ ਮਜ਼ਦੂਰਾਂ ਦੀ ਥਾਂ ਅਪਣੇ ਹੀ ਅਧਿਕਾਰੀਆਂ ਅਤੇ ਆਗੂਆਂ ਦਾ ਭਲਾ ਕਰਨ ਵਿੱਚ ਲਾਭ ਮਹਿਸੂਸ ਕਰਦੇ ਹੋਏ ਪੱਖਪਾਤੀ ਰਾਜਨੀਤੀ ਕਰਦੇ ਹਨ। ਕਿਰਤੀਆਂ ਦੇ ਸੰਘਰਸ਼ਾਂ ਦੀਆਂ ਕਹਾਣੀਆਂ ਤੋਂ ਜੱਗ ਜ਼ਾਹਰ ਹੈ ਕਿ ਸਰਕਾਰਾਂ ਮਜ਼ਦੂਰਾਂ ਦੀ ਸੁਰੱਖਿਆ ਲਈ ਕਿੰਨੀ ਕੁ ਗੰਭੀਰ ਹਨ। ਅੱਜ ਵੀ ਕਰੋੜਾਂ ਮਜ਼ਦੂਰਾਂ ਨੂੰ ਹਜੇ ਤੱਕ ਮਈ ਦਿਵਸ ਅਤੇ ਇਸ ਦੀ ਮਹੱਤਤਾ ਬਾਰੇ ਪੂਰੀ ਜਾਣਕਾਰੀ ਨਹੀਂ ਹੈ । ਲੱਖਾਂ ਕਰੋੜਾਂ ਮਜ਼ਦੂਰਾਂ ਲਈ ਮਜ਼ਦੂਰ ਦਿਵਸ ਦੇ ਮਹੱਤਵ ਦੀ ਕਦੋਂ ਮਹਾਨਤਾ ਪਤਾ ਲੱਗੇਗੀ ਅਤੇ ਉਹਨਾਂ ਦੇ ਹੁਨਰਾਂ ਦੀ ਕਦੋਂ ਕਦਰ ਪਵੇਗੀ ਇਹ ਅੱਜ ਵੀ ਇੱਕ ਵੱਡੀ ਬੁਝਾਰਤ ਹੈ। ਸੰਘਰਸ਼ ਕਰਕੇ ਹਾਸਿਲ ਕੀਤੇ ਹੱਕਾਂ ਨੂੰ ਲੈਣ ਤੋਂ ਬਿਨ੍ਹਾਂ ਅੱਜ ਦੀ ਮਜ਼ਦੂਰ ਸ਼੍ਰੇਣੀ ਨੂੰ ਆਪਣੀ ਸੱਤਾ ਆਪਣੇ ਹੱਥਾਂ ’ਚ ਲੈਣ ਲਈ ਫੈਸਲਾਕੁੰਨ ਜਤਨ ਕਰਨੇ ਪੈਣਗੇ। ਕਿਰਤੀਆਂ, ਕਾਮਿਆਂ, ਮਜ਼ਦੂਰਾਂ ਦੀਆਂ ਜਿੱਤਾਂ ਦੀਆਂ ਕਹਾਣੀਆਂ ਹਮੇਸ਼ਾ ਸੁਨਹਿਰੇ ਅੱਖਰਾਂ ਵਿੱਚ ਛਪਦੀਆਂ ਹਨ। ਇਸ ਲਈ ਯਾਦ ਰੱਖੋ,ਜਦੋਂ ਤੱਕ ਸਰਮਾਏਦਾਰੀ ਢਾਂਚਾ ਰਹੇਗਾ ਤਦ ਤੱਕ ਮਜ਼ਦੂਰਾਂ ਨੂੰ ਦਬਾਇਆ ਕੁਚਲਿਆ ਜਾਂਦਾ ਰਹੇਗਾ। ਪੂੰਜੀਵਾਦ ਨੂੰ ਤਬਾਹ ਕਰਕੇ ਮਜ਼ਦੂਰ ਸ਼੍ਰੇਣੀਆਂ ਦੀ ਸੱਤਾ ਨੂੰ ਕਾਇਮ ਕਰਨਾ ਹੀ ਮਈ ਦਿਵਸ ਭਾਵ ਕੌਮਾਂਤਰੀ ਮਜ਼ਦੂਰ ਦਿਵਸ ਦੇ ਸ਼ਹੀਦਾਂ ਦਾ ਸੁਫ਼ਨਾ ਸੀ। ਮਈ ਦਿਵਸ ਦੇ ਸ਼ਹੀਦਾਂ ਦੇ ਸੁਨੇਹੇ ਨੂੰ ਹਰੇਕ ਦੱਬੇ-ਕੁਚਲੇ ਤੱਕ ਲੈਕੇ ਜਾਣਾ ਪਵੇਗਾ। ਇਹੀ ਮਈ ਦਿਵਸ ਦੇ ਸ਼ਹੀਦਾਂ ਨੂੰ ਇੱਕ ਸੱਚੀ ਸ਼ਰਧਾਂਜਲੀ ਹੋਵੇਗੀ।

Chevron
TRUCK STOP
OPEN PARKING, DELI, SHOWER, LAUNDRY
• ਸਸਤਾ ਡੀਜ਼ਲ • ਕਾਰਾਂ ਦੀ ਸਸਤੀ ਗੈਸ
We accept all major fleet cards, credit cards including, Visa, MC, AE, Discover, Voyag and Writer Express.



(Or $9 off Chevron In-Store Purchase)
ਇਥੇ ਪੰਜਾਬੀ ਰੈਸਟੋਰੈਂਟ ਵੀ ਹੈ ਅਤੇ ਹਰ ਵੇਲੇ ਪੰਜਾਬੀ ਖਾਣਾ ਮਿਲਦਾ ਹੈ।
Contact :
BALRAJ SINGH PANNU
541-942-0105
Chevron
1250, Gateway Blvd. Cottage, OR 97424,
Ph : 541-942-4142 Fax : 541-942-9668

PIONEER VILLA



Chevron
TRUCK PLAZA
MOTEL • RESTAURANT
LOUNGE • MINI-MART
GIFT SHOP • OPEN 24 HR
FLEET • MULTI SERVICE
WE ACCEPT-TCH T-CHECK
COM CHECK - EFS -
ALL MAJOR CREDIT CARDS
PREETI PANNU
(541) 369-2801
FAX (541) 369-3810
33180 HWY 228 HALSEY, OR 97348


VOTE
&
SUPPORT
ਸ਼੍ਰੋਮਣੀ ਅਕਾਲੀ ਦਲ
ਗੁਰਦਾਸਪੁਰ
ਡਾਕਟਰ ਦਲਜੀਤ ਸਿੰਘ ਚੀਮਾ
ਸ੍ਰੀ ਅਨੰਦਪੁਰ ਸਾਹਿਬ
ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ
ਪਟਿਆਲਾ
ਐਨ ਕੇ ਸ਼ਰਮਾ
ਸ੍ਰੀ ਅੰਮ੍ਰਿਤਸਰ ਸਾਹਿਬ
ਅਨਿਲ ਜੋਸ਼ੀ
ਸ੍ਰੀ ਫਤਿਹਗੜ੍ਹ ਸਾਹਿਬ
ਬਿਕਰਮਜੀਤ ਸਿੰਘ ਖਾਲਸਾ
ਫਰੀਦਕੋਟ
ਰਾਜਵਿੰਦਰ ਸਿੰਘ
ਸੰਗਰੂਰ
ਇਕਬਾਲ ਸਿੰਘ ਝੂੰਦਾਂ
ਬਠਿੰਡਾ
ਹਰਸਿਮਰਤ ਕੌਰ ਬਾਦਲ
ਖਡੂਰ ਸਾਹਿਬ
ਵਿਰਸਾ ਸਿੰਘ ਵਲਟੋਹਾ
ਲੁਧਿਆਣਾ
ਰਣਜੀਤ ਸਿੰਘ ਢਿੱਲੋਂ
ਜਲੰਧਰ
ਮਹਿੰਦਰ ਸਿੰਘ ਕੇ ਪੀ
ਫਿਰੋਜ਼ਪੁਰ
ਨਰਦੇਵ ਸਿੰਘ ਬੌਬੀ ਮਾਨ
ਹੁਸ਼ਿਆਰਪੁਰ
ਸੋਹਣ ਸਿੰਘ ਠੰਡਲ
ਜਾਰੀ ਕਰਤਾ
SATBIR SINGH HEER

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

Drug and Alcohol Test

DOT / NON DOT

PRE EMPLOYMENT - RANDOM
POST ACCIDENT - REASONABLE SUSPICION

Services: DOT Random Prog., FMCSA Clearinghouse, DOT Supervisor Training, SAP Classes Etc.



Lab. Ph:(916) 680-9293

6624 Florin Road
Sacramento CA, 95828

Email: capitaldrugtest@gmail.com
Website: www.capitaldrugtest.com


web -www.globaltruckpermits.com
email -info@globaltruckpermits.com
ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਕੈਲੇਫੋਰਨੀਆ ਅੰਦਰ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
"ਸਾਡਾ ਇਸ ਕੰਮ ਵਿਚ 18 ਸਾਲ ਦਾ ਤਜਰਬਾ ਹੈ"
ਰਾਜਿੰਦਰ ਟਾਂਡਾ
Cell : (510) 557-6988 | Ph : 209-636-0880
Address: 159 Darcy Pkwy Lathrop CA 95330

# ਚੰਗਾ ਖਰਗੋਸ਼



ਬਹੁਤ ਪੁਰਾਣੀ ਗੱਲ ਹੈ। ਇੱਕ ਜੰਗਲ ਸੀ। ਜੰਗਲ ਵਿੱਚ ਇੱਕ ਚਿੜੀ ਰਹਿੰਦੀ ਸੀ। ਉੱਥੇ ਇੱਕ ਖ਼ਰਗੋਸ਼ ਵੀ ਰਹਿੰਦਾ ਸੀ। ਚਿੜੀ ਨੂੰ ਭੁੱਖ ਲੱਗੀ ਸੀ। ਉਸਨੇ ਖਰਗੋਸ਼ ਨੂੰ ਕਿਹਾ ਕਿ ਮੈਨੂੰ ਭੁੱਖ ਲੱਗੀ ਹੈ। ਖ਼ਰਗੋਸ਼ ਉਸ ਲਈ ਦਾਣੇ ਲੈ ਆਇਆ। ਚਿੜੀ ਦੀ ਭੁੱਖ ਮਿਟ ਗਈ।

ਸਿੱਖਿਆ:-ਸਾਨੂੰ ਦੂਸਰਿਆਂ ਦੀ ਮੱਦਦ ਕਰਨੀ ਚਾਹੀਦੀ ਹੈ।



**ਸੁਮਨਪ੍ਰੀਤ ਕੌਰ ,ਜਮਾਤ – ਪੰਜਵੀਂ**
**ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ, ਗੰਭੀਰਪੁਰ ਲੋਅਰ, ਜਿਲ੍ਹਾ ਰੂਪਨਗਰ,**
**ਗਾਈਡ ਅਧਿਆਪਕ**
**ਮਾਸਟਰ ਸੰਜੀਵ ਧਰਮਾਣੀ**
**9478561356**

# ਹਕੀਕਤ

*-ਚਿੰਤਾ ਰਹਿੰਦੀ ਹੈ, 1-ਮਲਾਹ ਨੂੰ-ਤੂਫਾਨ ਦੀ, 2-ਕੰਜੂਸ ਨੂੰ-ਮਹਿਮਾਨ ਦੀ, 3-ਬੁਜ਼ਦਿਲ ਨੂੰ-ਜਾਲ ਦੀ, 4-ਅਮੀਰ ਨੂੰ-ਸ਼ਾਨੋ ਸ਼ੌਕਤ ਦੀ, 5-ਸੂਰਬੀਰਾਂ ਨੂੰ-ਅਣਖ ਦੀ, 6-ਕਮਜ਼ੋਰ ਨੂੰ-ਤਕੜੇ ਦੀ, 7-ਮੁਸਾਫਿਰ ਨੂੰ-ਸਮਾਨ ਦੀ, 8-ਪਾਇਲਾਟ ਨੂੰ-ਉਡਾਨ ਦੀ, 9-ਵੱਡਿਆਂ ਨੂੰ-ਸਤਿਕਾਰ ਦੀ, 10-ਖਿਡਾਰੀ ਨੂੰ-ਹਾਰ ਦੀ, 11-ਇਦਿਆਰਥੀ ਨੂੰ-ਇਮਤਿਹਾਨ ਦੀ, 12-ਵਪਾਰੀ ਨੂੰ-ਨੁਕਸਾਨ ਦੀ, 13-ਨਿਤਨੇਮੀ ਨੂੰ-ਸਵੇਰੇ ਪਹੁਫੁਟਾਲੇ ਉੱਠਣ ਦੀ, 14-ਸਿਪਾਹੀ ਨੂੰ-ਹਥਿਆਰ ਦੀ, 15-ਗੁਲਾਮ ਨੂੰ-ਆਜ਼ਾਦੀ ਦੀ, ਆਦਿ।

*-ਜ਼ਿੰਦਗੀ ਚ ਦੋਹਾਂ ਨੂੰ ਦੋ ਚੀਜਾਂ ਦੀ ਘਾਟ ਰੜਕੇਗੀ, ਤੈਨੂੰ ਸਾਡੇ ਨਾਲ ਬਫਾਦਾਰੀ ਨੀ ਕਰਨੀ ਆਈ, ਸਾਨੂੰ ਤੇਰੇ ਤੋਂ ਬਗੈਰ ਕਿਸੇ ਹੋਰ ਨਾਲ ਵਫਾਦਾਰੀ ਨੀ ਕਰਨੀ ਆਈ।

*-ਆਕੜਾਂ ਵਿੱਚ ਨਹੀਂ ਰਹਿੰਦੇ, ਗੱਲ ਪਿੱਠ ਪਿੱਛੇ ਨਹੀਂ ਮੂੰਹ ਤੇ ਕਹਿੰਦੇ।

*-ਪੰਜਾਬ ਦੀਆਂ ਮਾਵਾਂ ਨੂੰ ਜਾਂ ਸ਼ਹੀਦ ਮਿਲੇ ਜਾਂ ਪ੍ਰਦੇਸੀ ਮਿਲੇ, ਪੁੱਤਰ ਤਾਂ ਕਦੀ ਨਸੀਬ ਹੀ ਨਹੀਂ ਹੋਏ।

*-ਹਿਰਨ ਦੀ ਰਫ਼ਤਾਰ 90 ਕਿਲੋਮੀਟਰ ਪ੍ਰਤੀ ਘੰਟਾ ਤੇ ਸ਼ੇਰ ਦੀ ਰਫ਼ਤਾਰ 58 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ ਪਰ ਹਿਰਨ ਨੂੰ ਲੱਗਦਾ ਹੈ ਕਿ ਉਹ ਸ਼ੇਰ ਨਾਲੋਂ ਕਮਜ਼ੋਰ ਹੈ ਇਹੀ ਡਰ ਉਸਨੂੰ ਬਾਰ ਬਾਰ ਪਿੱਛੇ ਮੁੜ ਕੇ ਦੇਖਣ ਨੂੰ ਮਜ਼ਬੂਰ ਕਰ ਦਿੰਦਾ ਹੈ ਜਿਸ ਨਾਲ ਉਸਦਾ ਹੌਂਸਲਾ ਤੇ ਰਫ਼ਤਾਰ ਦੋਵੇਂ ਘੱਟ ਜਾਂਦੇ ਨੇ ਤੇ ਸ਼ੇਰ ਦਾ ਸ਼ਿਕਾਰ ਬਣ ਜਾਂਦਾ ਹੈ। ਇਸ ਲਈ ਆਪਣੇ ਆਪ ਤੇ ਯਕੀਨ ਰੱਖੋ ਆਪਣੇ ਸੁਪਨੇ ਤੇ ਲਕਸ਼ ਤੇ ਡਟੇ ਰਹੋ ਤੇ ਕਦੇ ਵੀ ਪਿੱਛੇ ਮੁੜ ਕੇ ਨਾ ਦੇਖੋ।

*-ਜਿਹੜੇ ਗਾਣਿਆਂ ਨੂੰ, ਬਾਪ ਆਪਣੀ ਧੀ ਨਾਲ ਅਤੇ ਭਰਾ ਆਪਣੀ ਭੈਣ ਨਾਲ ਬੈਠਕੇ ਸੁਣ ਨਹੀਂ ਸਕਦਾ, ਉਹ ਸਾਡਾ ਸਭਿਆਚਾਰ ਕਿਸ ਤਰ੍ਹਾਂ ਹੋ ਸਕਦਾ ਹੈ?

*-ਸਲਾਹ ਸਭ ਦੀ ਲਵੋ ਪਰ ਕਰੋ ਉਹ ਜੋ ਤੁਹਾਡੇ ਦਿਲ ਤੇ ਦਿਮਾਗ ਨੂੰ ਸਹੀ ਲੱਗੇ।

*-ਬੁਝ ਜਾਂਦਾ ਦੀਵਾ ਕਦੇ ਤੇਲ ਦੀ ਕਮੀ ਕਾਰਨ, ਹਰ ਵਾਰ ਕਸੂਰ ਹਵਾ ਦਾ ਨਹੀਂ ਹੁੰਦਾ।



**Paramjit Singh Sekhon (Dakha)**
President, Dal Khalsa Alliance
1700 Shattuck Ave, # 303 Berkeley CA 94709. (510)774 5909.
*A Nonprofit Organization Dedicated to Public Awareness*

LARRY T. NIERMEYER
Attorney at Law



OFFERING SERVICES IN THE FOLLOWING AREAS

1. Divorce/Family law
2. Restraining Orders
3. Criminal Matters
4. Driving Under Influence (DUI)
5. Work Injury/Car Injury
6. Defamation Cases
7. Personal Injury
8. Wrongful Death
9. Civil Litigation





PHONE: (209) 574-9447
1420 F STREET ST_ 2ND FLOOR MODESTO, CA 95354
Email : ltniermeyer@aol.com


ਸੰਤ ਜਰਨੈਲ ਸਿੰਘ ਭਿੰਡਰਾਂਵਾਲੇ
ਜਨਰਲ ਸੁਬੇਗ ਸਿੰਘ
ਭਾਈ ਅਮਰੀਕ ਸਿੰਘ
ਸ਼ਹੀਦ ਭਾਈ ਦੀਪ ਸਿੱਧੂ
VOTE
&
SUPPORT
ਹਲਕਾ
ਸੰਗਰੂਰ
ਹਲਕਾ
ਖਡੂਰ ਸਾਹਿਬ
ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ
ਸਿਮਰਨਜੀਤ ਸਿੰਘ ਮਾਨ
ਭਾਈ ਅੰਮ੍ਰਿਤਪਾਲ ਸਿੰਘ
ਜਾਰੀ ਕਰਤਾ
JB TYRES INC
24/7 MOBILE REPAIR
TRUCK AND TRAILER
• NEW / USED TYRES • BRAKES • HUBS SEAL • OIL CHANGE
TEL: 337- 513- 3544 1651 FAIRVIEW DR. CERES. CA 95307
MAHABIR SINGH
JOBANPREET SINGH

# ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



## Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

**ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ**
**ਤਜ਼ਰਬਾ ਘੱਟੋ-ਘੱਟ 1 ਸਾਲ**
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

**ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ**

**ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ**
**ਫੋਨ : (559) 653-8130, 774-243-4154**

**SmartWay Express 3545 Date Avenue Fresno, CA 93725**
**ਈ-ਮੇਲ: newtrucks@smartwayexp.com**



# ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




## e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ **eBaba App** ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ **eBaba** ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also **eBaba** Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




**ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।**



ਸਾਂਝੀ ਸੋਚ
ਸਰਬਜੀਤ ਸਿੰਘ
ਜਰਮਨੀ

# ਪੰਜਾਬ ਚ ਮਜ਼ਦੂਰ ਦਿਵਸ

ਦੁਨੀਆ ਭਰ ਵਿੱਚ ਅੱਸੀ ਦੇਸ਼ ਪਹਿਲੀ ਮਈ ਨੂੰ ਮਜ਼ਦੂਰ ਦਿਵਸ ਜਾਂ ਮਈ ਦਿਵਸ ਦੇ ਨਾਮ ਨਾਲ ਇਹ ਦਿਵਸ ਮਨਾਉਂਦੇ ਹਨ, ਬਾਰੀ ਦੇਸ਼ਾਂ ਵਿੱਚ ਇਹ ਦਿਨ ਵੱਖ ਵੱਖ ਤਰੀਕਾਂ ਨੂੰ ਮਨਾਇਆ ਜਾਂਦਾ ਹੈ। ਪੰਜਾਬ ਵੀ ਇਸ ਦੁਨੀਆ ਦਾ ਹੀ ਇੱਕ ਹਿੱਸਾ ਹੈ ਤੇ ਫੇਰ ਪੰਜਾਬ ਵਿੱਚ ਵੀ ਮਜ਼ਦੂਰ ਦਿਵਸ ਮਨਾਇਆ ਜਾ ਰਿਹਾ ਹੈ। ਮਜ਼ਦੂਰ ਦਿਵਸ ਮਨਾਉਣ ਦਾ ਅਰੰਭ ਭਾਵੇਂ ਮਜ਼ਦੂਰਾਂ ਦੀ ਮਿਹਨਤ ਨੂੰ ਸਿਜਦਾ ਕਰਨ ਤੇ ਮਾਲਕਾ ਦੀ ਤਾਨਾਸ਼ਾਹ ਨੀਤੀ ਤੋਂ ਬਚਾਉਣ ਲਈ ਕੀਤਾ ਗਿਆ ਸੀ।

ਜਦੋਂ ਕਿਸੇ ਚੀਜ਼, ਮਨੁੱਖ, ਇਤਿਹਾਸ-ਮਿਥਿਹਾਸ, ਸੱਭਿਆਚਾਰ, ਵਿਰਸੇ ਵਿਰਾਸਤ, ਰੀਤੀ ਰਿਵਾਜ ਨੂੰ ਆਮ ਲੋਕ ਭੁੱਲਣ ਲੱਗ ਪੈਣ ਤਾਂ ਉਹਨਾਂ ਨੂੰ ਸਾਲ ਚ ਇੱਕ ਵਾਰ ਯਾਦ ਕਰਵਾਉਣ ਲਈ ਉਸ ਦਾ ਇੱਕ ਖਾਸ ਦਿਵਸ ਮਨਾਇਆ ਜਾਣ ਲੱਗ ਪੈਂਦਾ ਹੈ। ਅੱਜ ਤਕਰੀਬਨ ਹਰ ਦਿਨ ਹੀ ਕੋਈ ਨਾ ਕੋਈ ਦਿਵਸ ਹੁੰਦਾ ਹੈ ਕਿਉਂਕਿ ਅਸੀਂ ਪੁਰਾਣੇ ਸਮੇਂ ਦੇ ਮੁਕਾਬਲੇ ਅੱਜ ਬਹੁਤੇ ਅਧੁਨਿਕ ਹੋ ਗਏ ਹਾਂ ਉਸ ਤੋਂ ਕਿਤੇ ਜ਼ਿਆਦਾ ਪੁਰਾਣੇ ਸੱਭਿਆਚਾਰ, ਆਚਾਰ-ਵਿਵਹਾਰ ਭੁੱਲਦੇ ਜਾ ਰਹੇ ਹਾਂ ਜਾਂ ਭੁੱਲ ਚੁੱਕੇ ਹਾਂ ਵੀ ਕਹਿ ਸਕਦੇ ਹਾਂ।

ਪੰਜਾਬ ਚ ਮਜ਼ਦੂਰ ਦਿਵਸ ਹੋ ਸਕਦਾ ਸਾਲ ਚ ਇੱਕ ਵਾਰ ਤੋਂ ਜ਼ਿਆਦਾ ਵਾਰੀ ਮਨਾਉਣ ਦੀ ਲੋੜ ਪੈ ਜਾਵੇ ਕਿਉਂਕਿ ਸਰਕਾਰ ਵੱਲੋਂ ਦਿੱਤੀਆਂ ਗਈਆਂ ਮੁਫ਼ਤ ਦੀਆਂ ਸਕੀਮਾਂ ਲੋਕਾਂ ਨੂੰ ਦਿਨੋਂ ਦਿਨ ਨਕਾਰਾ ਕਰ ਰਹੀਆਂ ਹਨ। ਹੋ ਸਕਦਾ ਮੇਰੀ ਲਿਖਤ ਪੜ੍ਹਨ ਤੋਂ ਬਾਅਦ ਬਹੁਤੇ ਲੋਕ ਮੇਰੇ ਵਿਰੁੱਧ ਹੋ ਜਾਣ ਪਰ ਸਚਾਈ ਇਹ ਹੀ ਹੈ ਕਿ ਪੰਜਾਬ ਵਿੱਚ ਮੁਫ਼ਤ ਦੀਆਂ ਸਾਰੀਆਂ ਸਕੀਮਾਂ ਬੰਦ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਲੋਕ ਆਪਣਾ ਗੁਜ਼ਾਰਾ ਕਰਨ ਲਈ ਮੁੜ ਤੋਂ ਮਿਹਨਤੀ ਬਣਨ। ਮੈਂ ਨਿੱਜੀ ਰੂਪ ਚ ਕਿਸੇ ਵਿਅਕਤੀ ਵਿਸ਼ੇਸ਼, ਕਿਸੇ ਜਾਤੀ, ਕਿਸੇ ਸੰਗਠਨ ਦੇ ਵਿਰੁੱਧ ਨਹੀਂ ਹਾਂ, ਜੇ ਕਿਸੇ ਦੀਆਂ ਭਾਵਨਾਵਾਂ ਨੂੰ ਮੇਰੀ ਇਸ ਲਿਖਤ ਨਾਲ ਠੇਸ ਪਹੁੰਚੇ ਤਾਂ ਪਹਿਲਾਂ ਹੀ ਮੁਆਫ਼ੀ ਮੰਗਦੀ ਹਾਂ।

ਬਿਜਲੀ, ਮੁਫ਼ਤ ਦੀ ਬਿਜਲੀ ਮਿਲਣ ਕਰਕੇ ਲੋਕ ਸਿਆਲ ਨੂੰ ਰਜਾਈ ਲੈ ਕੇ ਨਾਲ ਪੱਖਾ ਛੱਡ ਕੇ ਸੋ ਰਹੇ ਵੇਖੇ ਮੈਂ। ਮੈਂ ਜੋ ਪੰਜਾਬ ਚ ਦੋ ਹਫ਼ਤੇ ਰਹਿ ਕੇ ਦੇਖ ਕੇ ਆਈ ਹਾਂ ਉਹ ਦੇਖ ਕੇ ਸੱਚ ਵਿੱਚ ਰੋਣ ਨੂੰ ਦਿਲ ਕਰਦਾ ਸੀ ਤੇ ਰੋਈ ਵੀ ਹਾਂ। ਦਿਨ ਚ ਸੂਰਜ ਦੇ ਸਿਖਰ ਦੇ ਵਕਤ ਕਿਸੇ ਨੇ ਆਪਣੇ ਘਰ ਬੱਤੀਆਂ ਚਲਾਈਆਂ ਸਨ। ਮੈਂ ਬੰਦ ਕਰਨ ਲਈ ਕਿਹਾ ਤਾਂ ਉਹ ਸਾਰਾ ਪਰਿਵਾਰ ਮੇਰੇ ਤੇ ਹੱਸਣ ਲੱਗਾ ਤੇ ਕਹਿੰਦੇ ਇਹ ਕਿਹੜਾ ਸਾਡਾ ਬਿੱਲ ਆਉਣਾ। ਜਿੱਥੇ ਮੈਂ ਉਸ ਪਰਿਵਾਰ ਦਾ ਮਜ਼ਾਕ ਬਣੀ ਨਾਲ ਹੀ ਆਪਣੇ ਪਰਿਵਾਰ ਤੋਂ ਖਰੀਆਂ ਖੋਟੀਆਂ ਸੁਣੀਆਂ ਕਿ ਤੈਨੂੰ ਬੱਤੀ ਬਚਾਉਣ ਦੀ ਜ਼ਿਆਦਾ ਚਿੰਤਾ ? ਬਿਜਲੀ ਦੇ ਸ਼ਰੇਆਮ ਖਪਤ ਮੁਫ਼ਤ ਖੋਰੀਂ ਹੋਣ ਕਰਕੇ ਹੈ ਜੋ ਬਹੁਤੇ ਲੋਕ ਕਰ ਰਹੇ ਹਨ।

ਬੀਬੀਆਂ ਲਈ ਬੱਸਾਂ ਮੁਫ਼ਤ, ਮੈਂ ਆਪਣੇ ਬਾਪੂ ਜੀ ਨਾਲ ਨਵਾਂ ਸ਼ਹਿਰ ਤੋਂ ਹੁਸ਼ਿਆਰਪੁਰ ਜਾਣ ਲਈ ਬੱਸ ਚ ਸਫ਼ਰ ਕੀਤਾ। ਨਵਾਂ ਸ਼ਹਿਰ ਬੱਸ ਅੱਡੇ ਚੋ ਅਸੀਂ ਚੜ੍ਹੇ ਸੀ ਤੇ ਸਾਨੂੰ ਬੈਠਣ ਲਈ ਸੀਟਾਂ ਵੀ ਮਿਲ ਗਈਆਂ। ਅੱਗੇ ਅੱਗੇ ਬੱਸ ਨੱਕੋਂ ਨੱਕ ਭਰ ਗਈ ਜਿਸ ਵਿੱਚ ਜ਼ਿਆਦਾ ਤਰ ਬੀਬੀਆਂ ਸ਼ਾਮਲ ਸਨ ਜੋ ਅਧਾਰ ਕਾਰਡ ਵਿਖਾ ਕੇ ਮੁਫ਼ਤ ਸਫ਼ਰ ਕਰ ਰਹੀਆਂ ਸਨ। ਮੈਨੂੰ ਖੁਸ਼ੀ ਹੋਈ ਕਿ ਆਪਣੇ ਬਾਪੂ ਜੀ ਨਾਲ ਪੰਜਾਬ ਰੋਡਵੇਜ਼ ਚ ਉਸ ਦਿਨ ਟਿਕਟ ਲੈ ਕੇ ਸਫ਼ਰ ਕਰਨ ਵਾਲੀ ਮੈਂ ਇਕੱਲੀ ਸਰਬਜੀਤ ਸਿੰਘ ਸੀ। ਕਿਰਾਇਆ ਹਰ ਇੱਕ ਦਾ ਲੱਗਣਾ ਚਾਹੀਦਾ।

ਪਾਣੀ, ਕਿਸੇ ਦੇ ਘਰ ਗਈ ਤਾਂ ਵੇਖਿਆ ਕਿ ਸਰਕਾਰੀ ਨਲ ਤੋਂ ਉਹ ਆਪਣੀਆਂ ਦੋ ਵੱਡੀਆਂ ਟੈਂਕੀਆਂ ਭਰ ਰਹੇ ਸਨ, ਜਿੰਨਾ ਪਾਣੀ ਟੈਂਕੀ ਚ ਜਾ ਰਿਹਾ ਸੀ ਉਸ ਤੋਂ ਕਈ ਗੁਣਾ ਜ਼ਿਆਦਾ ਪਾਣੀ ਉਹਨਾਂ ਦੇ ਵਿਹੜੇ ਚ ਡੁੱਲ ਕਿਹਾ ਸੀ ਕਿਉਂਕਿ ਉਸ ਪਾਈਪ ਦੋ ਤਿੰਨ ਥਾਂ ਤੋਂ ਟੁੱਟ ਚੁੱਕਾ ਸੀ। ਪਾਣੀ ਦੀ ਬੱਚਤ ਬਹੁਤ ਜ਼ਰੂਰੀ ਹੈ। ਜਿਸ ਹਿਸਾਬ ਨਾਲ ਪੀਣ ਵਾਲਾ ਪਾਣੀ ਘੱਟਦਾ ਜਾ ਰਿਹਾ, ਜੇ ਪਾਣੀ ਦੀ ਬਰਬਾਦੀ ਨਾ ਰੁਕੀ ਤਾਂ ਇੱਕ ਦਿਨ ਲੋਕ ਨੈੱਟ ਚਾਰਜ ਦੀ ਥਾਂ ਪੀਣ ਵਾਲੇ ਪਾਣੀ ਦੀ ਟੈਂਕੀ ਲਈ ਹਰ ਮਹੀਨੇ ਪੈਸੇ ਪਵਾਇਆ ਕਰਨਗੇ। ਮੈਂ ਸਰਕਾਰ ਨੂੰ ਇਹ ਬੇਨਤੀ ਕਰਦੀ ਹਾਂ ਕਿ ਹਰ ਘਰ ਨੂੰ ਪਾਣੀ ਦਿਉ ਪਰ ਹਰ ਘਰ ਦੇ ਪਾਣੀ ਦਾ ਬਿੱਲ ਜ਼ਰੂਰ ਲਉ ਤਾਂ ਜੋ ਸਾਰੇ ਲੋੜ ਅਨੁਸਾਰ ਵਰਤਣ।

ਕਣਕ ਦੀ ਵਾਢੀ, ਕਈ ਸਾਲ ਪਹਿਲਾਂ ਜਦੋ ਕਣਕ ਦੀ ਵਾਢੀ ਦੇ ਦਿਨ ਆਉਂਦੇ ਸਨ ਤਾਂ ਲੋਕ ਪਹਿਲਾਂ ਹੀ ਦਾਤੀਆਂ ਨੂੰ ਦੰਦੇ ਕਢਵਾਉਣ ਲਈ ਭੱਜਦੇ ਸਨ ਕਿਉਂਕਿ ਪਿੰਡ ਦੇ ਤਰਖਾਣ ਕੋਲ ਉਹਨਾਂ ਦਿਨਾਂ ਵਿੱਚ ਬਹੁਤ ਕੰਮ ਆਉਂਦਾ ਸੀ, ਕਦੇ ਕਦੇ ਤਰਖਾਣ ਕੋਲ ਰੋਟੀ ਖਾਣ ਦਾ ਵੀ ਵਕਤ ਨੀ ਸੀ ਹੁੰਦਾ। ਹੁਣ ਕਣਕ ਦੀ ਵਾਢੀ ਕੋਈ ਨੀ ਕਰਦਾ, ਸਭ ਕੰਬਾਈਨਾਂ ਚਲਵਾ ਕੇ ਦਾਣੇ ਘਰ ਲੈ ਆਉਂਦੇ ਹਨ। ਜੇ ਕਿਸੇ ਨੇ ਚਾਰ ਪੰਜ ਕਨਾਲ਼ਾਂ ਕਣਕ ਬੀਜੀ ਵੀ ਹੋਈ ਜਿੱਥੇ ਕੰਬਾਈਨ ਨੀ ਆ ਸਕਦੀ, ਉਹ ਪਰਿਵਾਰ ਆਪ ਕਣਕ ਵੱਢਣ ਲਈ ਸ਼ਰਮ ਮਹਿਸੂਸ ਕਰਦੇ ਹਨ, ਵੱਢਣ ਵਾਲੇ ਇਸ ਸਾਲ ਬਿਲਕੁਲ ਵੀ ਮਿਲ ਨਹੀਂ ਰਹੇ। ਕਣਕ ਵੱਢਣ ਵਾਲੇ ਤਾਂ ਮਿਲਣਗੇ ਜੇ ਕਿਸੇ ਦਾ ਪੀਪੇ ਵਿੱਚੋਂ ਆਟਾ ਮੁੱਕਿਆ ਹਉਂ । ਆਟਾ ਤੇ ਦਾਣੇ ਤਾਂ ਸਰਕਾਰ ਮੁਫ਼ਤ ਚ ਦੇ ਰਹੀ, ਇਸ ਹਾਲਤ ਚ ਕੋਈ ਕੰਮ ਕਿਉਂ ਕਰੇਗਾ ? ਟਰੈਕਟਰਾਂ ਤੇ ਚੜ੍ਹਕੇ ਲੋਕ ਮੁਫ਼ਤ ਦੀ ਸਕੀਮ ਵਾਲੇ ਦਾਣੇ ਲੈਣ ਜਾਂਦੇ ਹਨ, ਭਾਵ ਸਰਕਾਰ ਨੂੰ ਸ਼ਰੇਆਮ ਧੋਖਾ ਦੇ ਰਹੇ ਹਨ।

ਪੈਨਸ਼ਨ, ਸੁਣਨ ਚ ਆਇਆ ਸੀ ਕਿ ਜੋ ਲੋਕ ਕੰਮ ਕਾਰ ਨਹੀਂ ਕਰ ਸਕਦੇ ਜਾਂ ਕੋਈ ਬਿਮਾਰੀ ਨਾਲ ਪੀੜ੍ਹਤ ਹੈ ਉਸ ਨੂੰ ਸਰਕਾਰ ਵੱਲੋਂ ਕੁਝ ਪੈਸੇ ਹਰ ਮਹੀਨੇ ਦਿੱਤੇ ਜਾਂਦੇ ਹਨ ਤਾਂ ਜੋ ਲੋੜਬੰਦ ਵਿਅਕਤੀ ਆਪਣੀ ਰੋਜ਼ੀ ਰੋਟੀ ਚਲਾ ਸਕੇ ਪਰ ਸਰਕਾਰੀ ਨੌਕਰੀ ਕਰਕੇ ਕਈ ਹਜ਼ਾਰ ਮਹੀਨਾ ਤਨਖਾਹ ਲੈਣ ਵਾਲੇ ਬੰਦੇ ਦੀ ਘਰ ਵਾਲੀ ਨੂੰ ਉਹ ਪੈਨਸ਼ਨ ਲੱਗੀ ਹੋਣੀ, ਕਿ ਇਹ ਸਰਕਾਰ ਨਾਲ ਸਰਕਾਰ ਦੇ ਬੰਦੇ ਧੋਖਾ ਨਹੀਂ ਕਰ ਰਹੇ ? ਜਦੋਂ ਪੈਨਸ਼ਨ ਲੱਗਦੀ ਹੈ ਤਾਂ ਨਿਆਂ ਪ੍ਰਣਾਲੀ ਦਾ ਸਭ ਤੋਂ ਅਹਿਮ ਹਿੱਸਾ ਪਿੰਡ ਦਾ ਪੰਚ, ਸਰਪੰਚ, ਨੰਬਰਦਾਰ ਹੀ ਤਾਂ ਪੇਪਰ ਪਾਸ ਕਰਵਾਉਂਦੇ ਹਨ, ਕੀ ਉਹ ਜਾਣਦੇ ਨਹੀਂ ਹੁੰਦੇ ? ਕੌਣ ਸਰਕਾਰੀ ਨੌਕਰੀ ਕਰ ਰਿਹਾ ਹੈ ? ਕੌਣ ਲੋੜਬੰਦ ਹੈ ? ਕੌਣ ਨਹੀਂ ?

ਜੇ ਅਸੀਂ ਹੱਥੀਂ ਕਿਰਤ ਨਹੀਂ ਕਰਨੀ ? ਤਾਂ ਸਾਡਾ, ਸਾਡੇ ਘਰ ਦਾ, ਸਾਡੇ ਪਰਿਵਾਰ ਦਾ, ਸਾਡੇ ਦੇਸ਼ ਦਾ ਬੇੜਾ ਗ਼ਰਕ ਜ਼ਰੂਰ ਹੋਵੇਗਾ, ਉਹ ਭਾਵੇਂ ਕੁਝ ਦਿਨਾਂ ਨੂੰ ਹੋਵੇ ਭਾਵੇਂ ਕੁਝ ਸਾਲਾਂ ਨੂੰ । ਆਉ ਆਪਣੇ ਘਰਾਂ ਦੇ ਤੇ ਖੇਤਾਂ ਦੇ ਜਿੱਥੋ ਤੱਕ ਹੋ ਸਕੇ ਕੰਮ ਕਾਰ ਆਪ ਕਰੀਏ। ਆਉ ਹੱਥੀਂ ਕਿਰਤ ਕਰਕੇ ਬਾਬੇ ਨਾਨਕ ਦੇ ਦੱਸੇ ਰਾਤ ਤੇ ਚੱਲਕੇ ਇਮਾਨਦਾਰੀ ਦੀ ਹੱਕ ਸੱਚ ਦੀ ਰੋਟੀ ਖਾਈਏ।

ਅਖੀਰ ਆਉ ਸਾਰੇ ਰਲ ਮਿਲ ਕੇ ਜੋ ਸਾਡੇ ਧੰਨ ਗੁਰੂ ਨਾਨਕ ਦੇਵ ਜੀ ਨੇ ਕਿਰਤ ਦੀ ਮਹਾਨਤਾ ਦਾ ਸਾਨੂੰ ਹੋਕਾ ਦਿੱਤਾ, ਉਸਨੂੰ ਸਕਾਰ ਕਰੀਏ। ਬਾਬਾ ਨਾਨਕ ਪਹਿਲਾਂ ਦੁਨੀਆਂ ਦਾ ਮਹਾਂਪੁਰਸ਼ ਸੀ ਜ਼ਿਹਨਾਂ ਨੇ ਇਕ ਕਿਰਤੀ ਸਿੱਖ ਭਾਈ ਲਾਲੋ ਦੀ ਕਿਰਤ ਨੂੰ ਮਾਣ ਬੱਖਸ਼ਿਆ ਅਤੇ ਇੱਕ ਰਾਜਨੀਤਿਕ ਚੌਰ ਮਲਕ ਭਾਗੋ ਦਾ ਹੰਕਾਰ ਤੋੜਿਆ ਸੀ। ਬਾਬੇ ਨਾਨਕ ਨੇ ਇੱਕ ਸਿੱਖ ਦੀ ਇਮਾਨਦਾਰੀ ਨਾਲ ਕੀਤੀ ਕਿਰਤ ਨੂੰ ਸਲਾਮ ਕੀਤੀ ਹੈ। ਮੈਂ ਬਾਬੇ ਨਾਨਕ ਨੂੰ ਇਹ ਅਰਦਾਸ ਕਰਦੀ ਹਾਂ ਕਿ ਮੇਰੇ ਦੇਸ਼ ਦੇ ਹੀ ਨਹੀਂ ਸਗੋਂ ਕੁੱਲ ਦੁਨੀਆ ਦੇ ਕਿਰਤੀ ਰੱਜਕੇ ਰੋਟੀ ਖਾਣ ਤੇ ਹਮੇਸ਼ਾ ਕਿਰਤ ਕਰਨ ਨੂੰ ਅਹਿਮੀਅਤ ਦੇਣ!

SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK





1003 Moffat Blvd, Manteca CA 95336
209-239-1551


E-MAIL:SALES@ezeldsolutions.com
EZ ELD SOLUTIONS
LOGBOOKS MADE EASY
TRACK YOUR TRUCK WITH
EZ TRUCK SOLUTION
ਆਪਣੇ ਟਰੱਕ ਵਿਚ ELD DEVICE ਲਗਾਉਣ ਲਈ ਸਾਨੂੰ ਕਾਲ ਕਰੋ
ਅਸੀਂ ਤੁਹਾਡੇ ਨਾਲ ਪੰਜਾਬੀ ਵਿਚ ਗੱਲ-ਬਾਤ ਕਰ ਸਕਦੇ ਹਾਂ
FMCSA Complaint & Affordable
The Power of telematics in the palm of your hand
Compliance | Asset Tracking | Management
$100 HARDWARE
ONE-TIME FEE
PT30
$20 MONTHLY
SUBSCRIPTION
CRITICAL ENGINE DATA
Tracking
Tire Pressure
Diagnostics
24/7 TECHNICAL SUPPORT IN
ENGLISH,SPANISH AND PUNJABI.
CALL NOW +1 (800) 556-7105
Official Address : 2301 W Belmont ave, Fresno, CA 93727


One Auto Repair
a1aurtorepair4@yahoo.com
ਏ ਵਨ ਆਟੋ ਰਿਪੇਅਰ ਸ਼ਾਪ
Tune up
Oil change
Transmission
Brakes
Engine
ਬ੍ਰੈਕ ਰਿਪੇਅਰ
ਆਇਲ ਬਦਲਣਾ
ਕਾਰਾਂ ਦੀ ਡਾਇਗਨੋਸਿਸ
ਟਿਊਨਅਪ
ਟ੍ਰਾਂਸਮਿਸਨਾਂ ਦਾ ਕੰਮ ਤੱਸਲੀਬਖਸ਼
24 ਘੰਟੇ ਉਪਲੱਬਧ
ਹਰ ਤਰ੍ਹਾਂ ਦੀ ਆਟੋ ਰਿਪੇਅਰ ਦਾ ਕੰਮ ਤੱਸਲੀਬਖਸ਼
ਫੋਰਗਨ ਅਤੇ ਡੋਮੇਸਟਿਕ ਕਾਰਾਂ ਦੀ ਰਿਪੇਅਰ
ਆਪਣੀਆਂ ਕਾਰਾਂ ਦੇ ਤੱਸਲੀਬਖਸ਼ ਰਿਪੇਅਰ ਲਈ ਪ੍ਰਦੀਪ ਸਿੰਘ ਨਾਲ
ਕਿਸੇ ਵੇਲੇ ਵੀ ਸੰਪਰਕ ਕਰ ਸਦਕੇ ਹੋਂ।
2213 Rockefeller Dr. Ste.D Ceres CA 95307
PH : (209) 537-5081, CELL : (209) 604-0354

ARES REALTY
Residential | Commercial | Investment



# Thinking Of Selling Or Buying A Home ?

## ਘਰ ਜਾਂ Business ਵੇਚਣਾ ਜਾਂ ਖਰੀਦਣਾ ਹੋਵੇ

**Residential | Commercial | Industrial | Raw land**

**ਜਿਵੇਂ :Farm House ,Liquor Stores ,Gas Stations ਹਰ ਤਰ੍ਹਾਂ ਦੇ Apartments, Buildings Car Wash, Truck Wash ਜਾਂ Gas Pumps ਵਰਗੀਆਂ ਪ੍ਰੋਪਰਟੀਜ਼**

**ਖਰੀਦਣ ਜਾਂ ਵੇਚਣ ਦੇ ਚਾਹਵਾਨ ਇੱਕ ਵਾਰ ਸਾਨੂੰ ਮਿਲੋ - ARES REALTY**

Broker | Realtor | Mortgage Loan Originator : Tony Singh : (916) 519-7009 License ID: 01901843

| REALTOR | Jassi Avtar : | Alex Singh : | Rupinder Dhaliwal ( Ruby ): | Amarbir Takhar : | Harpreet Singh : | Roseleen Kumar : |
|---|---|---|---|---|---|---|
| | (916) 335-3760 | (916) 582-4394 | (916) 764-2859 | (209) 277-9200 | (510) 589-8409 | (916)802-4833 |
| | License ID: 02192444 | License ID: 02191925 | License ID: 01461487 | License ID: 02225690 | License ID: 02194943 | License ID: 02028063 |

OFFICE MANAGER | MARKETING DIRECTOR Sadie EL Ibrahimi : (916)-829-4200 | E-FAX : (916) 367-6756

# TRS Constructions

ਘਰ ਵੇਚਣਾ ਹੋਵੇ, ਖ਼ਰੀਦਣਾ ਹੋਵੇ ਜਾਂ ਹੋਣ ਵਾਲੀ ਹੈ ਤੁਹਾਡੇ ਘਰ ਦੀ ਮੁਰੰਮਤ

**ਅਸੀਂ ਘਰ ਦੀ ਸਾਰੀ Repair ਤੇ Re -Modelling ਕਰਦੇ ਹਾਂ** | **Without Any Money Out Of Your Pocket**

**ਤੁਸੀਂ ਇੱਕ ਵੀ ਪੈਸਾ ਨਹੀਂ ਦਿਓਗੇ TRS Constructions ਨੂੰ ਤੁਹਾਡੀ Sale ਦੇ ਵਿੱਚੋਂ Pay ਹੋ ਜਾਣਗੇ**

ਵਧੇਰੇ ਜਾਣਕਾਰੀ ਜਾਂ ਕਿਸੇ ਵੀ ਤਰ੍ਹਾਂ ਦੀ Quiry ਲਈ ਕਾਲ : **Tony Singh : (916) 519-7009** Loan Contractor
License ID: 01901843


Gillson
TRUCKING INC
NOW Hiring
Truck Drivers
Class A CDL
Signing Bonus
Top pay
Mileage Pay
Great Benefits
Over the Road or Local Routes
Reefers and Dry Van Operations
No touch freight
Skills:
Responsible truck driver.
Experience with electronic equipment.
Ability to travel regularly.
Adaptivity and foresight to handle unexpected situations (traffic, weather conditions and roads, etc.)
Responsibilities:
Safely operating assigned vehicles.
The Vehicles are maintained and serviced as needed.
Report any vehicle defects for repair.
Make safety a priority at all times.
Comply with standard federal laws and with company. policies and procedures.
Pay:
Between $80,000.00 - $120,000.00 per year
Average pay: $0.50- $0.60 cents/mile
Weekly direct deposits
Bonuses for clean inspections
High mileage bonuses
Newer Equipment:
Freightliner and Volvo 2020 and present
Reset pay away from Terminals- Stockton, CA and Dayton, Ohio
Flexible Home Time
Pet Friendly
Rider Policy
Health Benefits:
Health
Dental
Vision
Where to Apply
It's on our website the link under apply now. Please copy it here and then we would to have all.
Apply Here:
https://intelliapp.driverapponline.com/c/gillson?uri_b=ia_gillson_2058382794
Contact:
1801 E Dr. Martin Luther King Jr. Blvd, Stockton, CA 95205
925-400-9094 | ext.116, ext.130 and ext.144
info@teamgillson.com
Get in Touch:
gillsontrucking
gillsontrucking
company/gillsontrucking
www.teamgillson.com


GINNY BEDI LAW PC
★ Immigration
★ Divorce
★ Custody and Support issues
★ Business Disputes
★ Living Trusts
★ Criminal Matters
★ Misdemeanors
★ DUI
Ginny Bedi Attorney
ਤੁਸੀਂ ਸਾਡੇ ਨਾਲ ਪੰਜਾਬੀ ਵਿੱਚ ਗੱਲਬਾਤ ਕਰ ਸਕਦੇ ਹੋ।
255 N Market St Ste 150 San Jose CA 95110
Tel: (408) 800-0242 Fax: (408) 800-0240, Mobile: (408) 802-2501
Email: ginny@ginnybedilaw.com Web: www.ginnybedilaw.com





RE/MAX EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

Kirandeep Kaur
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

Contact : Cell (209) 550-1704

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED


Star India
SWEETS AND CATERING
VEG AND NON-VEG
Entrees
DESSERTS
APPETIZERS
BEVERAGES
SIDES ETC.
RENOWNED CHEFS
HIGH QUALITY INGREDIENTS
ਵਿਆਹ - ਸ਼ਾਦੀਆਂ ਜਾਂ ਪਾਰਟੀਆਂ ਲਈ 2000 ਬੰਦਿਆਂ ਦੀ ਕੇਟਰਿੰਗ ਦਾ ਵੀ ਖਾਸ ਪ੍ਰਬੰਧ
ਦੇਸੀ ਘੀ ਦੀਆਂ ਸਵਾਦਿਸ਼ਟ ਤੇ ਤਾਜ਼ੀਆਂ ਮਠਿਆਈਆਂ ਖ਼ਾਸ ਮੌਕਿਆਂ ਲਈ
ORDERS ਤੇ ਕਰਵਾਓ ਤਿਆਰ
DINE IN AND TO GO ORDERS ALSO AVAILABLE
ਹਫ਼ਤੇ ਦੇ 7 ਤੇ ਦਿਨ ਖੁੱਲਾ : 10am-9pm
PHONE NUMBER:
(209) 629-8511, (209)858-1380
CELL ( ASHOK VERMA) (209) 681-5171
Address :- 209 E Louise Ave, Lathrop, CA , 95330